# ਸ਼ਬਦ ਰਤਨ

ਮਾ. ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸ਼ਬਦ ਰਤਨ

(ਕਾਵਿ ਸੰਗ੍ਰਹਿ)

ਮਾਸਟਰ ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

## ਲੇਖਕ ਦੀਆਂ ਹੋਰ ਪੁਸਤਕਾਂ :-

| | |
|---|---|
| 1. ਪਹਿਲਾ ਉਭਾਰ | (ਗੀਤ-ਕਵਿਤਾਵਾਂ) |
| 2. ਪੰਖੜੀਆਂ | (ਕਵਿਤਾ) |
| 3. ਗ਼ਮ ਦੀ ਮਹਿਕ | (ਗ਼ਜ਼ਲ ਸੰਗ੍ਰਹਿ) |
| 4. ਦਰਦ ਦਾ ਅਹਿਸਾਸ | (ਗ਼ਜ਼ਲ ਸੰਗ੍ਰਹਿ) |
| 5. ਮਿੱਠੀਆਂ ਮਿਰਚਾਂ | (ਵਿਅੰਗ ਕਾਵਿ) |
| 6. ਸੱਚੀ ਤੇਰੀ ਸਿਫ਼ਤ | (ਗੀਤ ਸੰਗ੍ਰਹਿ) |
| 7. ਜਿਨ ਮਾਰਗ ਦੀਆ ਬਤਾਏ | (ਮਹਾਂ ਕਾਵਿ) |
| 8. ਸ਼ੇਅਰਾਂ ਦਾ ਸ਼ੀਰਾਜਾ | |
| 9. ਬਹਾਰ-ਏ-ਗ਼ਜ਼ਲ ਹਿੰਦੀ | (ਉਰਦੂ ਗ਼ਜ਼ਲਾਂ) |
| 10. ਦੋਹੋਂ ਕੇ ਜਾਮ-ਨੇਤਾਓਂ ਕੇ ਨਾਮ | (ਹਿੰਦੀ) |
| 11. ਬਹਾਰੇ ਗ਼ਜ਼ਲ | (ਉਰਦੂ ਗ਼ਜ਼ਲਾਂ) |
| 12. ਗੁਰ ਗੀਤਾਂਜਲੀ | |
| 13. ਗੁਰ ਗੀਤਾਵਲੀ | |
| 14. ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ | |
| 15. ਪੁਸਤਕ ਇਕ ਰੰਗ ਅਨੇਕ | |
| 16. ਖਟ ਮਿੱਠੀਆਂ ਮੁਸਕਾਨਾਂ | |
| 17. ਰਾਮ ਚਰਿਤ ਮਾਨਸ (ਰਮਾਇਣ) ਦਾ ਪੰਜਾਬੀ ਕਾਵਿ ਅਨੁਵਾਦ | |
| 18. ਮਹਾਂ ਭਾਰਤ ਪੰਜਾਬੀ ਕਾਵਿ ਅਨੁਵਾਦ | |
| 19. ਗੁਰ ਸਿਫ਼ਤਾਂਵਲੀ | |
| 20. ਰਤਨਾਂ ਦੀ ਖਾਨ | |
| 21. ਸੁੱਚੇ ਮੋਤੀ | |
| 22. ਦੋ ਵਾਰ ਵਾਘਿਓਂ ਪਾਰ | |

Sri Satguru Jagjit Singh Ji eLibrary NamdhariElibrary@gmail.com

# ਸ਼ਬਦ ਰਤਨ

(ਕਾਵਿ ਸੰਗ੍ਰਹਿ)

## ਮਾਸਟਰ ਅਮਰੀਕ ਸਿੰਘ

ਤਸਵੀਰ ਪ੍ਰਕਾਸ਼ਨ
ਮੰਡੀ ਕਾਲਾਂਵਾਲੀ, ਜ਼ਿਲ੍ਹਾ ਸਿਰਸਾ

Sri Satguru Jagjit Singh Ji eLibrary NamdhariElibrary@gmail.com

**_SHABAD RATAN_**
(poems)
**By:**
**MASTER AMRIK SINGH**
©– MASTER AMRIK SINGH
Ellnabad-125102
Distt. Sirsa (Harynana)
Mo.83072-90412
**Rs. 150/-**
**2021**
**ISBN :978-93-85862-73-1**
***Printed and Bound in India***
*Published by:*
***TASVEER PARKASHAN***
***Gurdwara Basti***
***Mandi Kalanwali-125201,***
***Distt. SIRSA (Haryana)***
***Mob. 094161-24729***
**E-mail:** tasvirprakashan@gmail.com
**Printer: R.K.Offset Prosses, Delhi**
*All rights reserved:*
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced stored in or introduced in to a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

Sri Satguru Jagjit Singh Ji eLibrary NamdhariElibrary@gmail.com

## ਸਮਰਪਣ

ਉਹਨਾਂ ਬਡਭਾਗੇ ਮਨੁੱਖਾਂ ਨੂੰ ਜਿਹਨਾਂ ਨੂੰ ਸ਼ਬਦ
ਰਤਨਾਂ ਦੀ ਪਛਾਣ ਆ ਗਈ ਹੈ।

Sri Satguru Jagjit Singh Ji eLibrary NamdhariElibrary@gmail.com

# ਤਤਕਰਾ

1. ਆਦਿ ਕਥਨ/9
2. ਕੀ ਲਾਭ ਹੋਇਆ/11
3. ਜੋ ਹੰਕਾਰਿਆ ਜਾਂਦੈ/12
4. ਕਿਉਂ ਕਰਦੇ ਹੋ ਕੌੜੀ ਗੱਲ/13
5. ਹੱਕ ਹਾਸਿਲ ਨਹੀਂ/14
6. ਗੁਜਰੇ ਸੌਖੀ/15
7. ਜ਼ਿੰਦਗੀ ਦਾ ਸੱਚ/16
8. ਭੁੱਲਣਾ ਫਿਤਰਤ ਇਨਸਾਨ ਦੀ/17
9. ਨੌਂ ਦਹਾਕੇ ਜੀਵਨ ਦੇ/18
10. ਕਿਸ ਬਿਧ ਜੀਵੀਏ/19
11. ਜੋ ਕਿਸੇ ਦਾ ਦੁੱਖ ਹਰੇ/20
12. ਬੁਰਾ ਨਾ ਅੱਜ ਤੋਂ/21
13. ਮੰਜ਼ਿਲ ਬਹੁਤ ਨੇੜੇ ਆ ਗਈ/22
14. ਨੁਕਸ ਕਿਉਂ ਹੋ ਕੱਢ ਰਹੇ/23
15. ਕਿਉਂ ਦੁਰਕਾਰਦੇ/24
16. ਦੋਹੇ/25
17. ਰੂਪ ਸਮਝੋ ਰੱਬ ਦਾ/27
18. ਅਜਿਹੀਆਂ ਹਰਕਤਾਂ/28
19. ਬਚਾਓ ਜਵਾਨੀ/29
20. ਦੋ ਹਜ਼ਾਰ ਉੱਨੀ/30
21. ਤੁਰ ਗਏ ਸੱਜਣ ਦੀ ਯਾਦ/31
22. ਸਮਾਂ ਬੜਾ ਬਲਵਾਨ/32
23. ਬੁਰੇ ਦਿਨਾਂ ਦੀ ਯਾਦ/34
24. ਦਰਸ਼ਨ ਜਦੋਂ ਪਾ ਲਿਆ/35
25. ਕਿਉਂ ਕਰਦੇ ਹੋ ਆਪ ਹੁਦਰੀਆਂ/36
26. ਸ਼ਾਮ ਜਦ ਹੋ ਜਾਏਗੀ/37
27. ਮੌਤ ਐਸਾ ਖ਼ੂਹ ਹੈ/38
28. ਖ਼ੁਸ਼ੀ ਮਨਾਈਏ/39
29. ਆਤਮ ਹੱਤਿਆ ਕਰਨ ਵਾਲੇ ਨੂੰ/40
30. ਨੀਅਤ ਹੋਵੇ ਰਾਸ/41
31. ਸਾਰਥਕ ਜ਼ਿੰਦਗੀ/42
32. ਮੁੱਲ ਹੈ ਕੀ ਤੋਲ ਹੈ/43
33. ਪੰਦਰ੍ਹਾਂ ਅਗਸਤ/44
34. ਗੱਲਾਂ ਯਾਦ ਰਹਿ ਜਾਂਦੀਆਂ/45
35. ਦਿਲ ਕੋਲ ਜੋ ਵੱਸੇ/46
36. ਸਭ ਤੁਰ ਚੱਲੇ/47
37. ਅਜਿਹਾ ਕੰਮ ਕਰਨਾ ਚਾਹੀਦਾ/48
38. ਤੰਦਰੁਸਤੀ/49
39. ਖ਼ੁਦਗਰਜ਼ ਹੋਇਆ/50
40. ਕੌਣ ਹੈ ਜੋ ਸੁਖੀ ਹੈ/51
41. ਬੰਦੇ ਦੀ ਪਛਾਣ/52
42. ਬੇਚੈਨ ਇਨਸਾਨ ਏ/54
43. ਨਾ ਕਰੋ ਗੁੱਸਾ/55
44. ਵਹਿਮ ਦਾ ਦਾਰੂ/56
45. ਮੰਗ ਰਹੇ ਹੋ ਕਿਉਂ ਕਿਸੇ ਤੋਂ/57
46. ਜ਼ਿੰਦਗੀ/58
47. ਜ਼ਖ਼ਮ ਭਰ ਜਾਂਦੇ ਨੇ/59
48. ਵਿਸ਼ਵ ਜੇਤੂ ਹੈ/60
49. ਖ਼ੁਸ਼ ਰਹਿਣਾ ਖ਼ੁਸ਼ ਰੱਖਣਾ/61
50. ਪੜ੍ਹ ਪੜ੍ਹ ਕੇ ਗੁਰਬਾਣੀ/62
51. ਪਿਛਲੇ ਕਰਮਾਂ ਦੀ ਗੱਲ/63
52. ਦੀਪਕ ਹੈ ਲੋਆਂ ਦੇ ਰਿਹਾ/64
53. ਮੁੱਲ ਆਖ਼ਰ ਮਿਲੇਗਾ/65
54. ਦੋਹੇ/66
55. ਠੀਕ ਨਹੀਂ/67
56. ਈਰਖਾ/68
57. ਨਿੰਦਿਆ/69
58. ਆਚਰਣ/70
59. ਉਹ ਕਾਹਦੈ ਧਨਵਾਨ/71
60. ਰੱਜ ਕੇ ਵੇਖ ਲਵੋ/72
61. ਹੱਲ ਕਦੇ ਵੀ ਜੰਗ ਨਹੀਂ/73
62. ਕਿਸੇ ਆਸਰੇ/75
63. ਕਦੋਂ ਤੱਕ/76
64. ਨਾ ਮੁਮਕਿਨ/77
65. ਦੁੱਖ ਬੜੇ ਹਾਂ ਸਹਿ ਰਹੇ/78
66. ਬੁਰੀ ਕਰਜ਼ ਦੀ ਸੋਈ/79
67. ਤੁਸੀਂ ਅਸਾਡੇ ਵਿਹੜੇ ਆਏ/80
68. ਨਫ਼ਰਤ ਨਾ ਕਰੀਏ/81
69. ਕਿਉਂ ਲਾਰੇ ਲਾਂਦੇ ਹਾਂ/82
70. ਰੰਜਸ਼ਾਂ ਛੁਟੇਰੀਆਂ/83
71. ਸਮੂਹ ਇਨਸਾਨ/84
72. ਨਿਯਮ ਬੱਧ ਸਾਰੇ ਦੇ ਸਾਰੇ/85
73. ਚਾਦਰ ਚਿੱਟੀ ਰਹਿਣੀ ਚਾਹੀਦੀ/86
74. ਜਿੰਨ ਕਦੇ ਵੀ ਨਿਕਲਦਾ ਨਹੀਂ/87
75. ਪੁੱਤ ਪੋਤਰੇ ਤੁਰ ਗਏ ਦੂਰ/88
76. ਕੌਣ ਪਰਾਇਆ/90
77. ਦੂਰ ਦਰਾਡੇ/91
78. ਉਹ ਸਮਝੇ ਰੱਬ ਹੈ/92
79. ਵੈਰ ਵਿਰੋਧ ਮਿਟਾਓ ਯਾਰੋ/93
80. ਰੂਹ ਪਛਾਣ ਦੀ/94
81. ਭਰਾਵਾਂ ਬਾਝ ਉਦਾਸ ਦੀਵਾਲੀ/95
82. ਬੇ-ਰੁਖੀ/96
83. ਉਮਰ ਨਾਲ/97
84. ਕਰੋ ਭੁਲੇਖੇ ਸਾਰੇ ਦੂਰ/98
85. ਧੱਕੇਸ਼ਾਹੀ/99
86. ਅਤੀਤ ਨੂੰ ਆਲੋਚਦੇ/100

Sri Satguru Jagjit Singh Ji eLibrary NamdhariElibrary@gmail.com

87. ਨੱਬਿਓਂ ਪਾਰ/101
88. ਜੀਵਨ ਸੰਗਰਾਮ ਹੈ/102
89. ਮਿੱਠੀਆਂ ਮਿੱਠੀਆਂ ਯਾਦਾਂ/103
90. ਜੀਵਨ ਮੁੱਕ ਹੈ ਜਾਂਦਾ/104
91. ਦੋ ਵਕਤਾਂ ਦੀ ਰੋਟੀ ਖਾਤਰ/105
92. ਅੱਧੀ ਦੁਨੀਆ ਹੈ ਬੀਮਾਰ/106
93. ਸੁਖ ਹੈ ਲੈਣਾ ਚਾਹ ਰਹੇ/107
94. ਜੀਵਨ ਉੱਜਲਾ ਰੱਖਣਾ ਏ/108
95. ਕਦੇ ਸੁਖ ਮਿਲ ਨਹੀਂ ਸਕਦਾ/109
96. ਗ਼ਮ ਖਾਰ ਨਹੀਂ/110
97. ਨਜ਼ਰ ਹੀ ਨਾ ਲੱਗ ਜਾਏ/111
98. ਵਡੇਰਾ ਹੋ ਹੀ ਜਾਂਦਾ ਏ/112
99. ਜ਼ਮਾਨਾ ਯਾਦ ਰੱਖਦਾ ਏ/113
100. ਭੁੱਲਣਾ ਨਹੀਂ ਚਾਹੀਦਾ/114
101. ਐਸਾ ਇਕ ਸੰਸਾਰ ਵਸਾਈਏ/115
102. ਦੋਹਰੇ/116
103. ਜੀਣ ਲਈ/117
104. ਐਸਾ ਕੋਈ ਕੰਮ ਨਾ ਕਰੋ/118
105. ਬੜਾ ਕੀਮਤੀ ਸਰੀਰ ਏ/119
106. ਆਏ ਆ ਕੇ ਚਲੇ ਗਏ/120
107. ਸ਼ੈਤਾਨ ਦੀ ਕਰਾਮਾਤ/121
108. ਵਕਫ਼ਾ/122
109. ਦੌੜੋਂ ਜਿਹੜਾ ਪਿੱਛੇ ਰਹਿ ਗਿਆ/123
110. ਕਲਾਕ ਦਾ ਸੈਲ ਤੇ ਬੰਦੇ ਦੀ ਰੂਹ/124
111. ਆਪਾ ਪੜਚੋਲ/125
112. ਰਹਿਮ ਦਿਲ ਇਨਸਾਨ ਏ/126
113. ਸੂਰਜ ਨਾਲ ਦੋ ਗੱਲਾਂ/127
114. ਮਹਿੰਗਾ ਹੋਇਆ ਭ੍ਰਿਸ਼ਟਾਚਾਰ/128

Sri Satguru Jagjit Singh Ji eLibrary NamdhariElibrary@gmail.com

ਖ਼ੁਸ਼ ਰਹਿਣਾ ਖ਼ੁਸ਼ ਰੱਖਣਾ ਗੱਲਾਂ ਚੰਗੀਆਂ ਨੇ।
ਰੱਬ ਕੋਲੋਂ ਅਸਾਂ ਇਹ ਦਾਤਾਂ ਹੀ ਮੰਗੀਆਂ ਨੇ।

ਖ਼ੁਸ਼ ਨਾ ਰਹੇ ਤਾਂ ਕਿਸੇ ਦਾ ਕੀ ਵਿਗਾੜਾਂਗੇ,
ਆਪਣੇ ਆਪ ਨੂੰ ਦਿੱਤੀਆਂ ਐਵੇਂ ਤੰਗੀਆਂ ਨੇ।

Sri Satguru Jagjit Singh Ji eLibrary NamdhariElibrary@gmail.com

# ਆਦਿ ਕਥਨ

**–ਡਾ. ਜੀ.ਡੀ. ਚੌਧਰੀ**

ਬਹੁਤ ਵਿਸ਼ਾਲ ਹੈ ਮਾਸਟਰ ਅਮਰੀਕ ਸਿੰਘ ਜੀ ਦਾ ਰਚਨਾਸੰਸਾਰ। ਸ਼ਾਇਦ ਹੀ ਕੋਈ ਐਸਾ ਵਿਸ਼ਾ ਹੋਵੇਗਾ ਜਿਸ ਬਾਰੇ ਉਹਨਾਂ ਦੀ ਲੇਖਣੀ ਨੇ ਉਚੇਰੀ ਆਵਾਜ਼ ਵਿੱਚ ਸੰਵਾਦ ਨਾ ਰਚਾਇਆ ਹੋਵੇ। ਉਹਨਾਂ ਵਿੱਚ ਸਭ ਤੋਂ ਵੱਡਾ ਗੁਣਾ ਕਲਮ ਅਤੇ ਕਿਰਦਾਰ ਦੀ ਇਕਸੁਰਤਾ ਹੈ। ਵਾਰਤਕ ਹੋਵੇ ਜਾਂ ਕਵਿਤਾ ਉਨ੍ਹਾਂ ਦੀ ਲੰਮੇਰੀ ਘਾਲਨਾ ਦੀ ਗਵਾਹੀ ਭਰਦੇ ਹਨ ਅਤੇ ਚਰਚਾ ਅਧੀਨ ਉਹਨਾਂ ਦੀ ਕਾਵਿ–ਕ੍ਰਿਤੀ 'ਸ਼ਬਦ ਰਤਨ' ਵੀ ਕਿਸੇ ਭਿੰਨਤਾ ਦਾ ਹੁੰਗਾਰਾ ਨਹੀਂ ਭਰਦੀ।

ਜੀਵਨ ਸੰਘਰਸ਼ ਦੇ ਇਕਾਨਵੇਂ ਮੀਲ ਪੱਥਰ ਕਦਮ–ਬ–ਕਦਮ ਟੁਰਦਿਆਂ ਜੋ ਕੁਝ ਉਹਨਾਂ ਭੋਗਿਆ, ਵੇਖਿਆ, ਸਮਝਿਆ ਅਤੇ ਪੜ੍ਹਿਆ–ਸੁਣਿਆ ਹੈ। ਉਸ ਦਾ ਮੰਥਨ ਹੀ ਪ੍ਰਸਤੁਤ ਕੀਤਾ ਹੈ ਅਤੇ ਇਹ ਸਰਬਾਂਗੀ ਸਾਹਿਤਕਾਰ ਹੁਣ ਵੀ ਪੰਜਾਬੀ ਸਾਹਿਤ, ਸਮਾਜ ਅਤੇ ਪੰਜਾਬੀਅਤ ਦੇ ਮੋਕਲੇ ਵਿਹੜੇ ਵਿੱਚ ਸੰਦਲੀ ਹਵਾਵਾਂ ਦੇ ਬੁੱਲ੍ਹੇ ਵੰਡ ਰਿਹਾ ਹੈ।

ਇਹ ਪਹਿਲੀ ਵਾਰ ਹੋਇਆ ਹੈ ਕਿ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਤ ਦੋ ਮਹਾਨ ਗ੍ਰੰਥ ਰਮਾਇਣ ਅਤੇ ਮਹਾਂਭਾਰਤ ਦੀ ਕਿਸੇ ਇੱਕ ਪੰਜਾਬੀ ਸਾਹਿਤਕਾਰ ਨੇ ਉਸਦੇ ਮੂਲ ਉਦੇਸ਼ ਅਤੇ ਸਰੂਪ ਨੂੰ ਕਾਇਮ ਰਖਦਿਆਂ ਆਪਣੀ ਸਾਹਿਤਕ ਘਾਲਣਾ ਦਾ ਹਿੱਸਾ ਬਣਾਇਆ ਹੈ ਅਤੇ ਜਿਵੇਂ ਕਿ ਸਾਹਿਤ ਪ੍ਰੇਮੀ ਜਾਣਦੇ ਹਨ ਕਿ ਇਹ ਮਹਾਨ ਕਾਰਜ ਚਰਚਾ ਅਧੀਨ ਪੁਸਤਕ ਦੇ ਕਰਤਾ ਮਾਸਟਰ ਅਮਰੀਕ ਸਿੰਘ ਜੀ ਨੇ ਹੀ ਕੀਤਾ ਹੈ। ਨਿਸੰਦੇਹ ਪੰਜਾਬੀ ਸਾਹਿਤ ਦੇ ਹਜ਼ਾਰ ਕੁਸਲਾ ਦੇ ਸਫ਼ਰ ਵਿੱਚ ਇਹ ਦੋ ਮੀਲ ਪੱਥਰ ਆਪਣੀ ਹੋਂਦ ਜਤਾ ਰਹੇ ਹਨ।

ਇਸ ਪੁਸਤਕ ਦਾ ਪਾਠ ਕਰਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਇੱਕ ਬਜ਼ੁਰਗ ਆਪਣੇ ਪਰਿਵਾਰ ਵਿੱਚ ਬੈਠ ਕੇ ਚੰਗੀਆਂ ਮਤਾਂ ਦੇ ਰਿਹਾ ਹੋਵੇ। ਅਨੇਕ ਸ਼ਿਅਰਾਂ ਟੂਕਾਂ ਦਾ ਉਦਾਹਰਣ ਦਿੱਤਾ ਜਾ ਸਕਦਾ ਹੈ।

'ਸੰਘਰਸ਼ ਦੇ ਨਾਲ ਨਸੀਬਾ ਬਲਦੇਗਾ,
ਮਾਰ ਅਜੇ ਹੀ ਰੇਖ 'ਚ ਕੋਈ ਮੇਖ ਲਵੋ।

ਹਰ ਬੰਦੇ ਦੀ ਉਮਰ 'ਚ ਉਲਝਣ ਆਉਂਦੀ ਏ,
ਇਸ ਨੂੰ ਸਮਝ ਨਾ ਤੁਸੀਂ ਵਿਸ਼ੇਸ਼ ਲਵੋ।

ਆਪਣੇ ਹੱਥਾਂ 'ਤੇ ਭਰੋਸਾ ਰੱਖੀਏ,
ਹੀਣਤਾ ਦੇ ਬੀੜ ਕਿਉਂ ਹੀ ਬੀ ਰਹੇ।

ਉਸ ਮਨੁੱਖ ਨੂੰ ਜੀਣ ਦਾ ਕੋਈ ਹੱਕ ਹਾਸਿਲ ਨਹੀਂ,



Sri Satguru Jagjit Singh Ji eLibrary NamdhariElibrary@gmail.com

ਜੋ ਕਿਸੇ ਇਨਸਾਨ ਦੇ ਦੁਖ ਦਰਦ ਵਿੱਚ ਸ਼ਾਮਿਲ ਨਹੀਂ।

ਨਾਮ ਇਤਿਹਾਸਾਂ 'ਚ ਜਿੰਦਾ ਉਸੇ ਦੈ ਅਮਰੀਕ ਸਿੰਘ,
ਜੋ ਮਨੁੱਖਤਾ ਦੇ ਅਸੂਲਾਂ ਤੋਂ ਕਦੇ ਗ਼ਫ਼ਲ ਨਹੀਂ।

ਲੱਗ ਜੇ ਠੋਕਰ ਕਿਤੋਂ ਇੱਕ ਵਾਰ ਜੇ,
ਚੰਗੀ ਗੱਲ ਨਹੀਂ ਮੁੜ ਕੇ ਠੁੱਡਾ ਖਾਣ ਦੀ।

ਦੂਜਿਆਂ ਦੇ ਨੁਕਸ ਕਿਉਂ ਹੋ ਕੱਢ ਰਹੇ,
ਕੋਈ ਬੰਦਾ ਬਿਨ ਨੁਕਸ ਹੈ ਹੀ ਨਹੀਂ।

ਜਵਾਨੋਂ ਨਸ਼ੇ ਤੋਂ ਬਚਾਓ ਇਹ ਜਵਾਨੀ,
ਬੜੀ ਹੋ ਰਹੀ ਅੱਜ ਹੈ ਨਸ਼ਿਆਂ ਤੋਂ ਹਾਨੀ।

ਹੈ 'ਅਮਰੀਕ ਸਿੰਘ' ਗੱਲ ਪੱਕੀ ਇਹ ਕਹਿੰਦਾ,
ਨਸ਼ੇੜੀ ਬਹੁਤ ਦੇਰ ਜਿੰਦਾ ਨਹੀਂ ਰਹਿੰਦਾ।

ਪਾਕਿਸਤਾਨ ਦੇ ਵਜੂਦ ਵਿੱਚ ਆਉਣ ਉਪਰੰਤ ਆਪਣੀ ਜਨਮਭੂਮੀ ਤੋਂ ਵਿਛੜਣ ਦਾ ਦਰਦ ਉਨ੍ਹਾਂ ਆਪਣੀ ਪੁਸਤਕ 'ਦੋ ਵਾਰ ਵਾਘਿਓਂ ਪਾਰ' (ਸਫ਼ਰਨਾਮਾ) ਵਿੱਚ ਵੀ ਬੜੀ ਮਾਰਮਿਕ ਸ਼ਬਦਾਵਲੀ ਵਿੱਚ ਬਿਆਨ ਕੀਤਾ ਹੈ ਅਤੇ ਉਹੀ ਦਰਦ ਉਹਨਾਂ ਨੇ ਇਸ ਪੁਸਤਕ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ :-

'ਪਰ ਜਨਮ ਭੂਮੀ ਦੀਆਂ ਯਾਦਾਂ ਨਹੀਂ ਭੁੱਲੀਆਂ,
ਅੱਜ ਕਰ ਯਾਦ ਅੱਖਾਂ ਹੰਝੂ ਭਰ ਡੁੱਲ੍ਹੀਆਂ।
ਉਦੋਂ ਜਦੋਂ ਦੇਸ਼ ਨੂੰ ਆਜ਼ਾਦੀ ਮਿਲ ਗਈ ਸੀ,
ਸਾਨੂੰ ਪਰ ਪੂਰੀ ਬਰਬਾਦੀ ਮਿਲ ਗਈ ਸੀ।

ਮਾਸਟਰ ਅਮਰੀਕ ਸਿੰਘ ਜੀ ਦਾ ਆਸ਼ਾਵਾਦ ਵੇਖੋ :-

ਨੌਂ ਦਹਾਕੇ ਜੀਵਨ ਦੇ ਪੂਰੇ ਮੈਂ ਹੰਡਾ ਲਏ।
ਦਸਵਾਂ ਹੰਡਾਉਣ ਲਈ ਕਮਰ ਕਸੇ ਲਾ ਲਏ।
ਪੈਰ ਧਰਤੀ 'ਤੇ ਰਹਿਣ ਤੇ ਸਿਰ ਛੂਹੇ ਆਕਾਸ਼ ਨੂੰ,
ਸ਼ਾਲਾ ਨਿਰੋਗੀ ਕਾਇਆ ਸੰਗ ਚੱਲੇ ਉਮਰ ਦਾ ਕਾਰਵਾਂ।

ਪਤਾ- ਨਜਦੀਕ ਜਗਦੇਵ ਸਿੰਘ ਚੌਂਕ,
ਮੁਲਤਾਨੀ ਕਾਲੋਨੀ, ਸਿਰਸਾ
ਮੋ. 95180-11172



Sri Satguru Jagjit Singh Ji eLibrary NamdhariElibrary@gmail.com

## ਲਾਭ ਕੀ ਹੋਇਆ

ਮਨ ਦੀ ਮੈਲ ਜੇ ਉਤਰੀ ਨਾਹੀ, ਲਾਭ ਕੀ ਹੋਇਆ ਤੀਰਥ ਨ੍ਹਾਇਆਂ।
ਪ੍ਰੇਮ ਦੇ ਢਾਈ ਅੱਖਰਾਂ ਬਾਝੋਂ, ਲਾਭ ਕੀ ਹੋਇਆ ਮਗ਼ਜ਼ ਖਪਾਇਆਂ।

ਅਰਜਨ ਬਣ ਕੇ ਕਰਮ ਨ ਕੀਤਾ, ਲਾਭ ਕੀ ਹੋਇਆ ਗੀਤਾ ਗਾਇਆਂ,
ਰੁੱਸਿਆ ਯਾਰ ਮਨਾ ਨਹੀਂ ਸਕਿਆ, ਲਾਭ ਕੀ ਹੋਇਆ ਰੱਬ ਮਨਾਇਆਂ।

ਨਾਲ ਗਵਾਂਢੀ ਬਣੀ ਜੇ ਨਾਹੀ, ਲਾਭ ਕੀ ਨਾਲ ਜਹਾਨ ਬਣਾਇਆਂ,
ਬੋਲਾ ਰੱਬ ਨਹੀਂ ਉਚੇ ਚੜ੍ਹ ਕੇ, ਲਾਭ ਕੀ ਉੱਚੀ ਬਾਂਗ ਸੁਣਾਇਆਂ।

ਅੰਦਰੋਂ ਕਪਟ ਜੇ ਕੱਢਿਆ ਨਾਹੀਂ, ਲਾਭ ਕੀ ਘੁੱਟ ਘੁੱਟ ਜੱਫੀਆਂ ਪਾਇਆਂ,
ਜੀਂਦੇ ਪਿਤਰ ਸੰਭਾਲੇ ਨਾਹੀਂ, ਲਾਭ ਕੀ ਵੱਡੀ ਕੱਠ ਕਰਾਇਆਂ।

ਧਨ ਜੋ ਕਿਸੇ ਦੇ ਕੰਮ ਨ ਆਇਆ, ਲਾਭ ਕੀ ਧਰਤੀ ਧਨ ਦਬਾਇਆਂ,
ਸੁਣਿਆ ਕੀਰਤਨ ਝੂਮ ਝੂਮ ਕੇ, ਲਾਭ ਕੀ ਐਵੇਂ ਧੌਣ ਹਿਲਾਇਆਂ।

ਕਰੀ ਡੰਡੌਤ ਦਿਖਾਵੇ ਖ਼ਾਤਰ, ਲਾਭ ਕੀ ਹੋਇਆ ਸੀਸ ਝੁਕਾਇਆਂ,
ਮਨ ਧੰਦਿਆਂ ਵਿਚ ਉਲਝ ਰਿਹਾ ਏ, ਲਾਭ ਕੀ ਗੁਰੂ ਦੁਆਰੇ ਜਾਇਆਂ।

ਦਾਨ ਕਰੋ ਗਲ ਬਹੁਤ ਹੈ ਚੰਗੀ, ਲਾਭ ਕੀ ਲੋਕਾਂ ਨੂੰ ਦਿਖਲਾਇਆਂ,
ਕਰਜ਼ਾ ਚੁੱਕ ਜੇ ਲਾਹ ਨਹੀਂ ਸਕਦੇ, ਲਾਭ ਕੀ ਸਿਰ 'ਤੇ ਭਾਰ ਚੜ੍ਹਾਇਆਂ।

ਅੰਦਰੋਂ ਮਨ ਜੇ ਗਿਆ ਨ ਰੰਗਿਆਂ, ਲਾਭ ਕੀ ਭਗਵਾ ਵੇਸ ਰੰਗਾਇਆਂ,
ਮੱਤਾਂ 'ਸਿੰਘ ਅਮਰੀਕ' ਨੇ ਦਿਤੀਆਂ, ਲਾਭ ਕੀ ਮੂਰਖ ਨੂੰ ਸਮਝਾਇਆਂ।
***



Sri Satguru Jagjit Singh Ji eLibrary NamdhariElibrary@gmail.com

## ਜੋ ਹੰਕਾਰਿਆ ਜਾਂਦੈ

ਜਿੱਤ ਕੇ ਜੋ ਹੰਕਾਰਿਆ ਜਾਂਦੈ।
ਹਾਰ ਨੂੰ 'ਵਾਜ਼ਾਂ ਮਾਰ ਬੁਲਾਂਦੈ।

ਸਿਖਰਾਂ ਪਿੱਛੋਂ ਆਉਣ ਨਿਵਾਣਾਂ,
ਫੇਰ ਨਿਵਾਣੋਂ ਉਭਰ ਨ ਪਾਂਦੈ।

ਜਿੱਤ ਦੀ ਝੱਟ ਦੁਪਹਿਰ ਹੈ ਢਲਦੀ,
ਆਣ ਹਨੇਰਾ ਡੇਰਾ ਲਾਂਦੈ।

ਨਹੀਂ ਜਵਾਨੀ ਕਾਇਮ ਰਹਿੰਦੀ,
ਜਲਦ ਬੁਢੇਪਾ ਪੈਰ ਜਮਾਂਦੈ।

ਉੱਚੀਆਂ ਟਾਹਰਾਂ ਲਾਣ ਵਾਲੇ ਨੂੰ,
ਵਕਤ ਆਣ ਕੇ ਚੁੱਪ ਕਰਾਂਦੈ।

ਤਖਤੇ ਤਾਊਸ 'ਤੇ ਬੈਠੇ ਤਾਈਂ,
ਦਰ ਦਰ ਦੀ ਫਿਰ ਭੀਖ ਮੰਗਾਂਦੈ।

ਜਿੱਤ ਕੇ ਬਿਤ ਵਿਚ ਰਹਿੰਦੈ ਜਿਹੜਾ,
ਕਦੇ ਨ ਜੀਵਨ ਵਿਚ ਸ਼ਰਮਾਂਦੈ।

ਗੱਲਾਂ 'ਸਿੰਘ ਅਮਰੀਕ' ਜੋ ਕਹੀਆਂ,
ਜੋ ਮੰਨ ਲੈਂਦਾ ਨਹੀਂ ਪਛਤਾਂਦੈ।

***



Sri Satguru Jagjit Singh Ji eLibrary NamdhariElibrary@gmail.com

## ਕਿਉਂ ਕਰਦੇ ਹੋ ਕੌੜੀ ਗੱਲ

ਕਿਉਂ ਕਰਦੇ ਹੋ ਕੌੜੀ ਗੱਲ।
ਮਨਾਂ 'ਚ ਪਾ ਦੇਣ ਤਰਥੱਲ।

ਦੁੱਧ ਵਿਚ ਖੱਟੇ ਦੀ ਛਿੱਟ ਪੈ ਜੈ,
ਸੌਰਨ ਦਾ ਕੋਈ ਰਹੇ ਨਾ ਵੱਲ।

ਫੁੱਟ ਦੀ ਐਸੀ ਚੜ੍ਹੀ ਹਨੇਰੀ,
ਇਹ ਨਹੀ ਰੁਕਣੀ ਅੱਜ ਨਾ ਕੱਲ੍ਹ।

ਮਿਟ ਜਾਂਦੇ ਤਲਵਾਰ ਦੇ ਫੱਟ ਵੀ,
ਪਰ ਨਹੀਂ ਮਿਟਦਾ ਗੱਲ ਦਾ ਝੱਲ।

ਕੋਹਾਂ ਦੂਰ ਦਿਲੋਂ ਹੋ ਜਾਂਦੇ,
ਰੋਜ਼ ਜੋ ਮਿਲਦੇ ਬਾਂਹ ਪਾ ਗਲ਼।

ਐਸਾ ਕੌਣ ਸਿਆਣਾ ਹੋਵੇ,
ਮੇਟ ਦਵੇ ਜੋ ਗੱਲ ਦਾ ਸੱਲ।

ਘਿਓ ਖਿਚੜੀ ਜਿਉਂ ਰਲ ਬੈਠੇ ਵੀ,
ਉਠ ਹਥਿਆਰ ਨੇ ਲੈਂਦੇ ਮੱਲ।

ਉੱਚੀ 'ਸਿੰਘ ਅਮਰੀਕ' ਹੈ ਕਹਿੰਦਾ,
ਰੱਖੋ ਜ਼ਰਾ ਜ਼ੁਬਾਨ ਇਹ ਠੱਲ।
***



Sri Satguru Jagjit Singh Ji eLibrary NamdhariElibrary@gmail.com

## ਹੱਕ ਹਾਸਲ ਨਹੀਂ

ਉਸ ਮਨੁੱਖ ਨੂੰ ਜੀਣ ਦਾ ਕੋਈ ਵੀ ਹੱਕ ਹਾਸਿਲ ਨਹੀਂ।
ਜੋ ਕਿਸੇ ਇਨਸਾਨ ਦੇ ਦੁੱਖ ਦਰਦ ਵਿਚ ਸ਼ਾਮਿਲ ਨਹੀਂ।

ਇਨਸਾਨੀਅਤ ਦੇ ਸਿਰ ’ਤੇ ਸਮਝੋ ਉਹ ਅਜਿਹਾ ਭਾਰ ਹੈ,
ਲੋਕ ਸੇਵਾ ਦੇ ਸਕੂਲੇ ਹੋਇਆ ਜੋ ਦਾਖਲ ਨਹੀਂ।

ਜੀਂਦੇ ਜੀ ਮਰਦਾ ਹੈ ਜੋ ਕਿ ਵਤਨ ਦੀ ਇੱਜ਼ਤ ਲਈ,
ਅਣਖ ਦੀ ਇਸ ਜੰਗ ਵਿਚ ਕੁੱਦਣ ਲਈ ਪਾਗਲ ਨਹੀਂ।

ਉਹ ਨਹੀਂ ਹੈ ਸੂਰਮਾ ਤੇ ਨਾ ਬਹਾਦਰ ਹੀ ਕਹੋ,
ਦੇਸ਼ ਦੁਸ਼ਮਣ ਦਾ ਜੋ ਬਣਦਾ ਜੰਗ ਵਿਚ ਕਾਤਿਲ ਨਹੀਂ।

ਨਾਮ ਇਤਿਹਾਸਾਂ ’ਚ ਜ਼ਿੰਦਾ ਉਸ ਦੇ ‘ਅਮਰੀਕ ਸਿੰਘ’,
ਜੋ ਮਨੁੱਖਤਾ ਦੇ ਅਸੂਲਾਂ ਤੋਂ ਕਦੇ ਗ਼ਾਫਲ ਨਹੀਂ।
***



Sri Satguru Jagjit Singh Ji eLibrary NamdhariElibrary@gmail.com

## ਗੁਜ਼ਰੇ ਸੌਖੀ

ਉਮਰਾ ਥੋੜੀ ਰਹਿੰਦੀ ਏ ਹੁਣ ਉਹ ਵੀ ਗੁਜਰੇ ਸੌਖੀ।
ਹਰ ਦਮ ਅਰਜ਼ ਕਰਾਂ ਰੱਬ ਅੱਗੇ ਵੇਖਾਂ ਘੜੀ ਨਾ ਔਖੀ।

ਪਿਛਲੀ ਉਮਰੇ ਪੱਗ ਚਿੱਟੀ ਨੂੰ ਦਾਗ਼ ਨਾ ਲੱਗੇ ਕੋਈ,
ਸੱਜਣਾ ਮਿੱਤਰਾਂ ਤੱਕਾ ਨ ਅਪੜੇ ਮੇਰੀ ਮੰਦ ਕਨਸੋਈ।

ਆਮ ਬੁੱਢਿਆ ਵਾਂਗ ਨਾ ਹੋਵਾਂ ਕਦੇ ਵੀ ਮੈਂ ਬੜਬੋਲਾ,
ਕੁੜ ਕੁੜ ਕਰਕੇ ਤੰਗ ਕਰਾ ਨਾ ਹੋਵਾਂ ਅੱਗ ਬਗੋਲਾ।

ਹਰ ਬੰਦੇ ਦੀ ਹਰ ਵੇਲੇ ਹੀ ਕਰਾ ਨਾ ਨੁਕਤਾਚੀਨੀ,
ਆਪਣੇ ਨੁਕਸਾਂ ਵੱਲ ਹਮੇਸ਼ਾ ਨਜ਼ਰ ਮੈਂ ਅਪਣੀ ਕੀਨੀ।

ਹੋ ਸਕੇ ਤਾਂ ਲੋਕ ਭਲਾਈ ਖ਼ਾਤਰ ਉਮਰ ਗੁਜ਼ਾਰਾਂ,
ਦੁਖੀਆਂ ਦਾ ਦੁੱਖ ਦੂਰ ਕਰਨ ਹਿਤ ਪੂਰਾ ਚਾਰਾ ਮਾਰਾਂ।

ਸੋਚ ਆਪਣੀ ਤਾਈਂ ਮੈਂ ਹੁਣ ਵੱਲ ਮਨੁੱਖਤਾ ਲਾਵਾਂ,
ਮਜਬੂਰੀ ਦੀ ਧੁੱਪੇ ਸੜਦੇ ਸਿਰਾਂ 'ਤੇ ਕਰਾਂ ਮੈਂ ਛਾਵਾਂ।

ਪਹਿਲੀ ਉਮਰੇ ਜੋ ਕੁਝ ਹੋਇਆ ਉਹ ਲਗਦਾ ਏ ਥੋੜਾ,
ਉਸ ਕਮੀ ਨੂੰ ਪੂਰਨ ਖਾਤਰ ਪੂਰਾ ਦੇਵਾਂ ਤੋੜਾ।

ਸੀਮਤ ਸਾਧਨ ਮੇਰੇ ਜੋ ਹਨ ਲਾਵਾਂ ਲੋਕਾਂ ਲੇਖੇ,
ਦੂਰ ਕਰਾਂ ਮੈਂ ਲੋਕ ਮਨਾਂ ਤੋਂ ਸਾਰੇ ਭਰਮ ਭੁਲੇਖੇ।

ਕਹਿ ਦੇਵੋ 'ਅਮਰੀਕ ਸਿੰਘ' ਨੂੰ ਫਿਰਦੈ ਫੁੱਲਿਆ ਫੁੱਲਿਆ,
ਕੀਤੀ ਕਤਰੀ ਖੂਹੇ ਪੈਣੀ ਇਸ ਉਮਰੇ ਜੇ ਭੁੱਲਿਆ।
***



Sri Satguru Jagjit Singh Ji eLibrary NamdhariElibrary@gmail.com

# ਜ਼ਿੰਦਗੀ ਦਾ ਸੱਚ

ਜ਼ਿੰਦਗੀ ਦੁੱਖ ਸੁਖ ਭਰੀ ਹੈ ਦਾਸਤਾਂ।
ਉਮਰ ਭਰ ਇਕ ਸਾਰ ਨਹੀ ਰਹਿੰਦਾ ਸਮਾਂ।

ਦੁੱਖ ਬਿਨਾਂ ਸੁਖ ਦੀ ਕਦਰ ਵੀ ਹੈ ਨਹੀਂ,
ਰਾਤ ਬਿਨ ਦਿਨ ਵੀ ਬੇ-ਕਦਰੇ ਹੈ ਜਮਾਂ।

ਮਹਿਕ ਬਿਨ ਫੁੱਲ ਵੀ ਹੈ ਕਿਹੜੇ ਕੰਮ ਦਾ,
ਫੁੱਲਾਂ ਬਿਨ ਵੀਰਾਨ ਸਮਝੋ ਗੁਲਿਸਤਾਂ।

ਜਿਸ ਦੇ ਵਿਚ ਪੰਛੀ ਸੁਰੱਖਿਅਤ ਨਾ ਰਹੇ,
ਤੀਲਿਆਂ ਦੀ ਮੁੱਠ ਹੈ ਐਸਾ ਆਸ਼ਿਆਂ।

ਜਿਸ ਮਨੁੱਖ ਵਿੱਚ ਦੂਜਿਆਂ ਲਈ ਦਰਦ ਨਹੀਂ,
ਨਾ ਕਹੋ ਇਨਸਾਨ ਹੈ ਪੂਰਾ ਹੈਵਾਂ।

ਅਣਖ ਹੀਣਾ ਹੈਂ ਤੇ ਡੀਂਗਾਂ ਮਾਰਦੈ,
ਮੁਰਦਾਂ ਦਿਲ ਹੈ ਕਿਤਨਾਂ ਵੀ ਹੋਵੇ ਜਵਾਂ।

ਦੁਨੀਆਂ ਫਿਰ 'ਅਮਰੀਕ ਸਿੰਘ' ਨੇ ਵੇਖ ਲਈ,
ਸੱਚੇ ਮਿੱਤਰਾਂ ਬਿਨ ਹੈ ਇਹ ਖਾਲੀ ਜਹਾਂ।

***



Sri Satguru Jagjit Singh Ji eLibrary NamdhariElibrary@gmail.com

## ਭੁੱਲਣਾ ਫਿਤਰਤ ਇਨਸਾਨ ਦੀ

ਭੁੱਲਣਾ ਫਿਤਰਤ ਹੈ ਹਰ ਇਨਸਾਨ ਦੀ।
ਪਰ ਬੁਰੀ ਆਦਤ ਹੈ ਭੁੱਲਦੇ ਜਾਣ ਦੀ।

ਲੱਗ ਜੇ ਠੋਕਰ ਕਿਤੋਂ ਇੱਕ ਵਾਰ ਜੇ,
ਚੰਗੀ ਗੱਲ ਨਹੀਂ ਮੁੜ ਕੇ ਠੁੱਡਾ ਖਾਣ ਦੀ।

ਭੀੜ ਪਈ ਜੋ ਮਿੱਤਰ ਧੋਖਾ ਦੇ ਗਿਆ,
ਲੋੜ ਕੀ ਏ ਮੁੜ ਕੇ ਵੀ ਅਜ਼ਮਾਨ ਦੀ।

ਗੱਲਾਂ ਵਿਚ ਜੋ ਤੁਸੀਂ ਹੋ ਠੱਗੇ ਗਏ,
ਇਹ ਸ਼ਰਾਰਤ ਹੈ ਕਿਸੇ ਸ਼ੈਤਾਨ ਦੀ।

ਵਕਤ ਸਿਰ ਸੰਭਾਲਿਆ ਨਹੀਂ ਸਿਹਤ ਨੂੰ,
ਜੁਗਤ ਕੀ ਰੋਗਾਂ ਤੋਂ ਹੁਣ ਬਚ ਪਾਨ ਦੀ।

ਪੈ ਗਿਆ ਪੱਥਰ ਦਿਲਾਂ ਸੰਗ ਵਾਹ ਜਦੋਂ,
ਸਿਰ 'ਤੇ ਝੱਲੋ ਲੋੜ ਕੀ ਪਛਤਾਣ ਦੀ।

ਤਜਰਬੇ ਦੀ ਗੱਲ ਕਹੇ 'ਅਮਰੀਕ ਸਿੰਘ',
ਦੋਸਤੀ ਕੱਚੀ ਹੈ ਤੰਦ ਅੰਜਾਣ ਦੀ।
***



Sri Satguru Jagjit Singh Ji eLibrary NamdhariElibrary@gmail.com

## ਨੌਂ ਦਹਾਕੇ ਜੀਵਨ ਦੇ

ਨੌਂ ਦਹਾਕੇ ਜੀਵਨ ਦੇ ਪੂਰੇ ਮੈ ਹੰਢਾ ਲਏ।
ਦਸਵਾਂ ਹੰਢਾਣ ਲਈ ਕਮਰ ਕੱਸੇ ਲਾ ਲਏ।

ਪੂਰਾ ਹੁੰਦੈ ਦਸਵਾਂ ਕਿ ਅੱਧ ਵਿਚ ਰਹਿੰਦਾ ਏ,
ਵੇਖੋ ਕਦੋਂ ਸਾਹਾਂ ਦਾ ਖ਼ਜ਼ਾਨਾ ਮੁੱਕ ਵਹਿੰਦਾ ਏ।

ਮੁੱਕੇ ਜਾਂ ਸੁਆਸ ਮਿਲ ਸਕਦੇ ਨ ਹੋਰ ਨੇ,
ਬੜੇ ਲੋਕਾਂ ਲਾਏ ਮੁੜ ਜਿਓਣ ਲਈ ਜ਼ੋਰ ਨੇ।

ਪਰ ਜਿਹੜਾ ਗਿਆ ਕਦੇ ਮੁੜ ਕੇ ਨਾ ਆਇਆ ਏ,
ਕੀ ਉਹਦੇ ਨਾਲ ਬੀਤੀ ਦੱਸ ਵੀ ਨਾ ਪਾਇਆ ਏ।

ਨਰਕਾਂ 'ਚ ਗਿਆ ਏ ਜਾਂ ਸੁਰਗਾਂ 'ਚ ਪੁੱਜਿਆ,
ਏਸੇ ਗੇੜ ਵਿਚ ਹੀ ਜਹਾਨ ਸਾਰਾ ਰੁੱਝਿਆ।

ਨੇਕੀ ਜਿਹੜਾ ਕਰੇ ਉਹਦਾ ਏਥੇ ਉਥੇ ਸੁਰਗ ਏ,
ਕਰੇ ਬੁਰਿਆਈ ਉਹਦਾ ਏਥੇ ਉਥੇ ਨਰਕ ਏ।

ਰਹੀ ਜਿਹੜੀ ਬਾਕੀ ਸੁਣ ਪਿਆਰੇ 'ਅਮਰੀਕ ਸਿੰਘ',
ਚੰਗੇ ਪਾਸੇ ਲਾ ਦੇ ਹੁਣ ਪਿਆਰੇ ਅਮਰੀਕ ਸਿੰਘ।
***



Sri Satguru Jagjit Singh Ji eLibrary NamdhariElibrary@gmail.com

# ਕਿਸ ਬਿਧ ਜੀਵੀਏ

ਕਿਸ ਨੂੰ ਪੁੱਛੀਏ ਜੀਵਨ ਕਿਸ ਬਿਧ ਜੀਵੀਏ।
ਸੁਰਖਰੂ ਦੁਨੀਆ ਤੇ ਕਿਸ ਬਿੱਧ ਥੀਵੀਏ।

ਕਹਿਣ ਕਈ ਜਪ ਕੀਤੇ ਜੀਵਨ ਸੌਰਦਾ,
ਕਹਿਣ ਕਈ ਇਹ ਢੰਗ ਹੈ ਅਗਲੇ ਦੌਰ ਦਾ।

ਤੀਰਥਾਂ 'ਤੇ ਜਾ ਕੇ ਕਈਆਂ ਨੇ ਹੈ ਡੇਰਾ ਲਾਇਆ,
ਪੱਥਰਾਂ ਨੂੰ ਪੂਜਣਾ ਕਈਆਂ ਨੇ ਢੰਗ ਅਪਣਾ ਲਿਆ।

ਕੁਝ ਵੀ ਕਰ ਲੋ ਮੁਕਤੀ ਨਹੀਂ ਵਿਸ਼ਵਾਸ ਬਿਨਾਂ,
ਕੋਈ ਚੰਗੇਰੀ ਜੁਗਤੀ ਨਹੀਂ ਵਿਸ਼ਵਾਸ ਬਿਨਾਂ।

ਜੰਗਲਾਂ ਵਿਚ ਭੌਂਦਿਆਂ ਕਈਆਂ ਨੇ ਪਾਇਆ ਚੈਨ ਹੈ
ਭੁੱਖਿਆ ਰਹਿ ਕੇ ਵੀ ਕਈਆਂ ਨੇ ਗਵਾਇਆ ਚੈਨ ਹੈ।

ਬਿਨ ਭਰੋਸੇ ਪੂਜਾ ਅਰਚਨਾ ਸਭ ਹੀ ਨਿਹਫਲ ਜਾਏਗੀ,
ਕਰ ਲਿਆ ਜੇ ਕਰ ਯਕੀਂ ਤਾਂ ਸਫਲਤਾ ਮਿਲ ਪਾਏਗੀ।

ਕਹਿ ਰਿਹਾ 'ਅਮਰੀਕ ਸਿੰਘ' ਹੁਣ ਸੁੱਟ ਨਾ ਪਾਇਓ ਬਾਤ ਨੂੰ,
ਕਰ ਲਵੋ ਵਿਸ਼ਵਾਸ ਜੇ ਪਾਣਾ ਹੈ ਰੱਬ ਦੀ ਜ਼ਾਤ ਨੂੰ।
***



Sri Satguru Jagjit Singh Ji eLibrary NamdhariElibrary@gmail.com

## ਜੋ ਕਿਸੇ ਦਾ ਦੁੱਖ ਹਰੇ

ਦੇਵਤਾ ਹੈ ਜੋ ਕਿਸੇ ਦਾ ਦੁੱਖ ਹਰੇ।
ਬਣ ਸ਼ਮ੍ਹਾਂ ਸੜ ਆਪ ਜੋ ਚਾਨਣ ਕਰੇ।

ਜੋ ਪਰਾਈ ਪੀੜ ਸਮਝੇ ਆਪਣੀ,
ਵੇਖ ਦੁਖੀਆ ਅਖੀਓਂ ਹੰਝੂ ਝਰੇ।

ਤੱਕ ਪੜੋਸੀ ਨੂੰ ਸੁਖੀ ਹੱਸਦਾ ਰਹੇ,
ਉਸਦਾ ਦੁੱਖ ਵੀ ਅਪਣੇ ਸੀਨੇ 'ਤੇ ਜਰੇ।

ਸੱਚੇ ਦੇ ਪੱਖ ਤੇ ਸਦਾ ਡਟਿਆ ਰਹੇ,
ਚੋਰ ਦੀ ਹਾਮੀ ਕਦੇ ਵੀ ਨਾ ਭਰੇ।

ਕਿਸੇ ਦਾ ਸੌਰੇ ਵਿਗਾੜੇ ਆਪਣਾ,
ਐਸਾ ਕਾਰਜ ਕਰਦਿਆਂ ਬਿਨ ਨਾ ਡਰੇ।

ਬੋਲ ਕੇ ਜੋ ਝੂਠ ਸੱਚਾ ਬਣ ਰਿਹੈ,
ਪਰ੍ਹੇ ਵਿਚ ਝੂਠੇ 'ਤੇ ਪਰਦਾ ਨਾ ਧਰੇ।

ਦੇਵਤੇ ਤੋਂ ਘਟ ਨਹੀਂ 'ਅਮਰੀਕ ਸਿੰਘ',
ਜੋ ਕਿਸੇ ਮਾੜੇ ਦੇ ਵੀ ਮਰਨੀ ਮਰੇ।

ਨਾ ਮੁੜੇ ਖਾਲੀ ਜੋ ਦਰ 'ਤੇ ਆ ਗਿਆ,
ਦੇ ਦਵੇ ਜੋ ਕੁਝ ਵੀ ਉਸਦੇ ਹੈ ਘਰੇ।

***



Sri Satguru Jagjit Singh Ji eLibrary NamdhariElibrary@gmail.com

## ਬੁਰਾ ਨਾ ਅੱਜ ਤੋਂ

ਬੁਰਾ ਨਾ ਅੱਜ ਤੋਂ ਕਿਸੇ ਦਾ ਸੋਚੀਏ।
ਹੋ ਸਕੇ ਤਾਂ ਭਲਾ ਸਭ ਦਾ ਲੋਚੀਏ।

ਦੂਜਿਆਂ ਲਈ ਰਖਦੈ ਮਨ ਵਿਚ ਖੋਟ ਜੋ,
ਕੰਮ ਉਸ ਦਾ ਕੋਈ ਨਾ ਆਉਂਦਾ ਲੋਟ ਜੋ।

ਕਿਸੇ ਦੀ ਖਾਤਰ ਜੋ ਟੋਇਆ ਪੁੱਟਦੈ,
ਵਕਤ ਉਸ ਨੂੰ ਉਸ ਦੇ ਵਿਚ ਹੀ ਸੁੱਟਦੈ।

ਜੋ ਕਿਸੇ ਨੂੰ ਹੈ ਫਸਾਂਦਾ ਜਾਲ ਵਿਚ,
ਆਪ ਫਸ ਹੈ ਪਛੋਤਾਂਦਾ ਜਾਲ ਵਿਚ।

ਰਾਹਾਂ ਵਿਚ ਕੰਡੇ ਖਲਾਰੇ ਆਪ ਜੋ,
ਆਪ ਨੂੰ ਚੁੱਭਣ ਸਹੇ ਸੰਤਾਪ ਜੋ।
***



Sri Satguru Jagjit Singh Ji eLibrary NamdhariElibrary@gmail.com

## ਮੰਜ਼ਿਲ ਬਹੁਤ ਨੇੜੇ ਆ ਗਈ

ਮੰਜ਼ਿਲੇ ਮਕਸੂਦ ਮੇਰੀ ਬਹੁਤ ਨੇੜੇ ਆ ਰਹੀ।
ਅਗਲੀ ਦੁਨੀਆ ਦਾ ਹੈ ਰਸਤਾ ਆਪ ਹੁਣ ਦਿਖਲਾ ਰਹੀ।

ਪਤਾ ਨਹੀਂ ਧੁਰ ਦਾ ਸੁਨੇਹਾ ਕਦੋਂ ਤੱਕ ਆ ਪਾਏਗਾ,
ਆ ਗਿਆ ਤਾਂ ਫੇਰ ਮੈਨੂੰ ਨਾਲ ਹੀ ਲੈ ਜਾਏਗਾ।

ਕਿਸ ਨੇ ਵੇਖੀ ਹੈ ਉਹ ਦੁਨੀਆ ਲੋਕਾਂ ਦਾ ਅਨੁਮਾਨ ਹੈ,
ਜਾਣ ਵਾਲਾ ਓਥੇ ਰਹਿੰਦਾ ਸੁਣਿਐ ਹਰ ਇਨਸਾਨ ਹੈ।

ਭੀੜ ਹੋਵੇਗੀ ਮਗਰ ਮੈਂ ਲੱਭ ਲਵਾਂਗਾ ਆਪਣੇ,
ਆਪਣੇ ਤਾਂ ਆਪਣੇ ਹੀ ਹੁੰਦੇ ਝੱਟ ਨੇ ਦੂਰੋਂ ਜਾਪਣੇ।

ਮਾਪੇ ਤੇ ਪੜਮਾਪੇ ਓਥੇ ਸਾਰੇ ਹੀ ਮਿਲ ਪੈਣਗੇ,
ਮੇਰੀਆਂ ਉਹ ਸੁਣਨਗੇ ਤੇ ਆਪਣੀਆਂ ਵੀ ਕਹਿਣਗੇ।

ਵੱਡੇ ਸਭ ਅਵਤਾਰ ਅਤੇ ਸੰਤ ਉਥੇ ਹੋਣਗੇ,
'ਚਕਰਵਰਤੀ' 'ਆਲਮ' ਅਤੇ 'ਵਹਿਮੀ' ਜੀਵੀ ਸੋਹਣਗੇ।

ਸਕਿਆਂ ਦੇ ਕਰ ਦੀਦਾਰ ਖ਼ੁਸ਼ ਬੜਾ ਹੋਵਾਂਗਾ ਮੈਂ,
ਜਿਓਣੋਂ ਤਾਂ ਹੈ ਮਰਨ ਚੰਗਾ ਕਦੇ ਨਹੀਂ ਰੋਵਾਂਗਾ ਮੈਂ।

ਚੱਲ ਹੁਣ 'ਅਮਰੀਕ ਸਿੰਘ' ਜਲਦ ਓਥੇ ਚੱਲੀਏ,
ਰੱਬ ਦੇ ਦਰ 'ਤੇ ਜਾ ਕੇ ਆਪਾਂ ਚੰਗੀ ਜਗ੍ਹਾ ਮੱਲੀਏ।
***



Sri Satguru Jagjit Singh Ji eLibrary NamdhariElibrary@gmail.com

# ਨੁਕਸ ਕਿਉਂ ਹੋ ਕੱਢ ਰਹੇ

ਦੂਜਿਆਂ ਦੇ ਨੁਕਸ ਕਿਉਂ ਹੋ ਕੱਢ ਰਹੇ।
ਅਪਣੇ ਨੁਕਸਾਂ ਨੂੰ ਤੁਸੀਂ ਕਿਉਂ ਛੱਡ ਰਹੇ।

ਕੋਈ ਬੰਦਾ ਨੁਕਸ ਬਿਨ ਹੈ ਹੀ ਨਹੀਂ,
ਬੰਦਾ ਕੀ ਨੁਕਸੋਂ ਬਿਨਾਂ ਸ਼ੈਅ ਹੀ ਨਹੀਂ।

ਜੋ ਕਹੇ ਮੈਂ ਸਰਵ ਗੁਣ ਸੰਪੰਨ ਹਾਂ,
ਹਰ ਤਰਫ਼ ਤੋਂ ਪੂਰਾ ਸਪਰ ਪੂੰਨ ਹਾਂ।

ਕੋਈ ਬੰਦਾ ਵੀ ਨ ਪੂਰਾ ਹੋ ਸਕੇ,
ਕਿਸੇ ਪੱਖੋਂ ਉਹ ਅਧੂਰਾ ਹੋ ਸਕੇ।

ਸਾਰੇ ਹੀ ਇਨਸਾਨ ਭੁੱਲਣਹਾਰ ਹਨ,
ਭੁੱਲ ਬਿਨਾਂ ਬਸ ਆਪ ਖ਼ੁਦ ਕਰਤਾਰ ਹਨ।

ਕਿਸੇ ਦੇ ਔਗੁਣ ਨਾ ਗਿਣ ਹਿੱਕ ਠਾਰੀਏ,
ਆਪਣੇ ਗਲਮੇ ਵਿਚ ਵੀ ਝਾਤੀ ਮਾਰੀਏ।

ਸਮਝੀਏ ਆਪਣੇ ਤੋਂ ਹਰ ਇਕ ਠੀਕ ਹੈ,
ਕਹਿ ਰਿਹਾ ਗੱਲ ਠੀਕ 'ਸਿੰਘ ਅਮਰੀਕ' ਹੈ।
***



Sri Satguru Jagjit Singh Ji eLibrary NamdhariElibrary@gmail.com

## ਕਿਉਂ ਦੁਰਕਾਰਦੇ

ਦਰ ਤੇ ਆਇਆਂ ਨੂੰ ਹੋ ਕਿਉਂ ਦੁਰਕਾਰਦੇ,
ਕਿਉਂ ਨਹੀ ਉਸ ਨੂੰ ਸਗੋਂ ਸਤਿਕਾਰਦੇ।

ਲੋੜ ਵੰਦ ਸੀ ਤਾਂ ਹੀ ਮੰਗਣ ਆ ਗਿਆ,
ਕਿਉਂ ਤੁਸਾਂ ਮੱਥੇ ਤੇ ਵੱਟ ਹੈ ਪਾ ਲਿਆ।

ਸਰਦਾ ਪੁਜਦਾ ਦੇ ਕੇ ਉਸ ਨੂੰ ਤੋਰਿਓ,
ਖਾਲੀ ਹੱਥ ਮੰਗਤਾ ਨ ਦਰ ਤੋਂ ਮੋੜਿਓ।

ਸਮਝੀਏ ਰੱਬ ਨੇ ਹੈ ਉਸ ਨੂੰ ਘੱਲਿਆ,
ਮੁੜ ਗਿਆ ਤਾਂ ਰੱਬ ਹੀ ਮੁੜ ਹੈ ਚੱਲਿਆ।

ਕਿਰਤ ਕਰੀਏ ਦਸਾਂ ਦੀ ਕੁਝ ਵੰਡੀਏ,
ਬੂਹੇ ਆਇਆਂ ਨੂੰ ਨ ਐਂਵੇ ਭੰਡੀਏ।

ਲੋੜ ਵੰਦ ਨੂੰ ਦਿੱਤਿਆਂ ਥੁੜਦਾ ਨਹੀਂ
ਕਰੀਏ ਕੰਜੂਸੀ ਤਾਂ ਧਨ ਜੁੜਦਾ ਨਹੀਂ।

ਉਮਰ ਵਿਚ 'ਅਮਰੀਕ ਸਿੰਘ' ਅਜ਼ਮਾ ਲਿਆ,
ਜਿਸ ਨੇ ਕੀਤਾ ਦਾਨ ਰਬ ਨੂੰ ਪਾ ਲਿਆ।
***



Sri Satguru Jagjit Singh Ji eLibrary NamdhariElibrary@gmail.com

## ਦੋਹੇ

ਨਿੰਮ੍ਰਤਾ ਇਨਸਾਨ ਦਾ ਕਰਵਾਏ ਸਨਮਾਨ।
ਹੰਕਾਰੀ ਦਾ ਹਰ ਜਗ੍ਹਾ ਹੁੰਦਾ ਏ ਅਪਮਾਨ।

ਆਓ ਰਲ ਮਿਲ ਬੈਠੀਏ ਭੁਲੀਏ ਵਾਦ ਵਿਵਾਦ,
ਚਾਰ ਦਿਨਾਂ ਦਾ ਜੀਵਣਾ, ਜੀਵੀਏ ਨਾਲ ਸੁਆਦ।

ਫੁੱਲਾਂ ਵਾਂਗ ਖਿੜੇ ਰਹੋ ਰੱਜ ਰੱਜ ਕੇ ਕਰੀਏ ਪਿਆਰ,
ਚਾਰ ਚੁਫੇਰੇ ਪਿਆਰ ਦੀ, ਖ਼ੁਸ਼ਬੂ ਦਿਓ ਖਲਾਰ।

ਮੰਦਾ ਕਿਸੇ ਨ ਆਖੀਏ ਚੰਗੇ ਬਣੀਏ ਆਪ,
ਚੰਗਿਆਈ ਵਰਦਾਨ ਹੈ ਬਦੀ ਹੈ ਨਿਰਾ ਸਾਰਾਪ।

ਪ੍ਰੀਤ ਸਿਆਣੇ ਆਖ ਕੇ ਦੇਵਤਿਆਂ ਦੀ ਰੀਤ,
ਨਫਰਤ ਕਰੇ ਜੋ ਉਸ ਦੀ ਕਦੇ ਨ ਹੋਵੇ ਜੀਤ।

ਜਾਗਣ ਤੋਂ ਸੌਣਾ ਭਲਾ ਵਿਛੜੇ ਮਿਲਦੇ ਆਣ
ਵਰ੍ਹਿਆਂ ਤੋਂ ਸਨ ਵਿਛੜੇ ਸੁਪਨੇ ਵਿਚ ਮਿਲ ਜਾਣ।

ਭੌਂਦਾ ਫਿਰਦੈ ਤੀਰਥੀਂ ਲੱਭਦਾ ਹੈ ਭਗਵਾਨ,
ਉਹ ਤਾਂ ਅੰਦਰ ਵੱਸਦਾ ਬੰਦਿਆ ਕਰ ਪਹਿਚਾਨ।

ਜੋ ਕਰਨਾ ਹੈ ਕਰ ਲਵੋ ਏਸੇ ਜਨਮ ’ਚ ਕੰਮ,
ਫੇਰ ਬੈਠੇ ਪਛਤਾਓਗੇ ਨਿਕਲ ਗਿਆ ਜੇ ਦੰਮ।

ਸੱਚ ਬੋਲਣਾ ਧਰਮ ਹੈ ਝੂਠ ਬੋਲਣਾ ਪਾਪ,
ਝੂਠੇ ਦਾ ਕੀ ਧਰਮ ਹੈ ਸਹੇ ਸਦਾ ਸੰਤਾਪ।

ਝੂਠ ਸੌ ਵਾਰੀ ਬੋਲੀਏ ਫੇਰ ਵੀ ਰਹਿੰਦਾ ਝੂਠ,
ਇਕ ਵਾਰੀ ਸਚ ਕਹਿ ਦਿਓ ਰਹੇ ਨਾ ਕਿਧਰੇ ਜੂਠ।



Sri Satguru Jagjit Singh Ji eLibrary NamdhariElibrary@gmail.com

ਜੀਣ ਮਰਨ ਇਨਸਾਨ ਦਾ ਹੈ ਮਾਲਕ ਦੇ ਹੱਥ,
ਆਪਣੇ ਹੱਥ ਜਿਸ ਰੱਖਿਆ ਉਸ ਦੀ ਕਥਾ ਅਕੱਥ।

ਕਿਉਂ ਕਰਦੇ ਕਿਸੇ ਨਾਲ ਗੁੱਸਾ ਅਤੇ ਵਿਰੋਧ,
ਮਰਜ਼ ਵਿਰੋਧ ਨੂੰ ਜਾਣੀਏ ਹੈ ਚੰਡਾਲ ਕਰੋਧ।

ਚਿੱਟੇ ਕੱਪੜੇ ਪਹਿਣ ਕੇ ਕਰੋ ਨਾ ਐਸਾ ਕਾਮ,
ਚਿੱਟੀ ਇਹ ਪੋਸ਼ਾਕ ਨਾ ਹੋ ਜਾਏ ਬਦਨਾਮ।
***



Sri Satguru Jagjit Singh Ji eLibrary NamdhariElibrary@gmail.com

## ਰੂਪ ਸਮਝੋ ਰੱਬ ਦਾ

ਹਰ ਮਨੁੱਖ ਹੀ ਰੂਪ ਸਮਝੋ ਰੱਬ ਦਾ।
ਤੀਰਥਾਂ ’ਤੇ ਬੰਦਾ ਕਿਸ ਨੂੰ ਲੱਭਦਾ।

ਕਿਉਂ ਕਿਸੇ ਦੇ ਨਾਲ ਮੰਦਾ ਬੋਲੀਏ,
ਨਾਲ ਰੱਬ ਦੇ ਝਗੜਣਾ ਨਹੀਂ ਫੱਬਦਾ।

ਵੈਸੇ ਅਪਣੇ ਵਿਚ ਵੀ ਰੱਬ ਹੈ ਵੱਸ ਰਿਹਾ,
ਬੰਦਾ ਇਸ ਦੀ ਭਾਲ ਵਿਚ ਹੈ ਹੰਭਦਾ।

ਮਿਰਗ ਦੇ ਅੰਦਰ ਹੈ ਕਸਤੂਰੀ ਛਿਪੀ,
ਝਾੜੀਆਂ ਵਿਚ ਸੁੰਘਦਾ ਨਹੀਂ ਸੰਗਦਾ।

ਮਾਰ ਠੱਗੀਆਂ ਜੋੜ ਲਈ ਮਾਇਆ ਬੜੀ,
ਇਕ ਤਰ੍ਹਾਂ ਰੱਬ ਨੂੰ ਰਿਹਾ ਏ ਠੱਗਦਾ।

ਕਰ ਭਰੋਸਾ ਬੰਦੇ ਨੂੰ ਰੱਬ ਮੰਨ ਲਵੋ,
ਮੁੱਕ ਜੇ ਝਗੜਾ ਹੀ ਸਾਰੇ ਜੱਗਦਾ।

ਛੱਡ ਕੇ ਅਸਲੋਂ ਹਲੀਮੀ ਸੀ ਨਿੰਮ੍ਰਤਾ,
ਬਣਿਆ ਫਿਰਦਾ ਬੰਦਾ ਗੋਲਾ ਅੱਗ ਦਾ।

ਮਨੋਂ ਕੱਢ ਦੇ ਕਪਟ ਜੇ ‘ਅਮਰੀਕ ਸਿੰਘ’,
ਹੋ ਜਾਏਗਾ ਜਿਓਣ ਤੇਰਾ ਫੱਬਦਾ।
***



Sri Satguru Jagjit Singh Ji eLibrary NamdhariElibrary@gmail.com

## ਅਜਿਹੀਆਂ ਹਰਕਤਾਂ

ਕਰੀਏ ਨ ਯਾਰੋ ਅਜਿਹੀਆਂ ਹਰਕਤਾਂ।
ਧੁਰ ਤੋਂ ਆਈਆਂ ਮੁੜ ਨਾ ਜਾਵਨ ਬਰਕਤਾਂ।

ਭਲੇ ਲੋਕਾਂ ਤੋ ਨਾ ਕਰੀਏ ਦੂਰੀਆਂ,
ਹੋਣ ਭਾਵੇਂ ਕਿੰਨੀਆਂ ਹੀ ਮਜਬੂਰੀਆਂ।

ਮਤਲਬੀ ਬੰਦਿਆਂ ਤੋ ਬਚਣਾ ਚਾਹੀਦਾ,
ਬਹੁਤ ਨਹੀਂ ਉਹਨਾਂ 'ਚ ਰਚਣਾ ਚਾਹੀਦਾ।

ਕਿਸੇ ਤੋਂ ਮੰਗਦਾ ਤੂੰ ਕਿਉਂ ਨਹੀਂ ਸੰਗਦਾ,
ਉਸ ਤੋ ਮੰਗ ਜਿਸ ਤੋਂ ਪਿਆ ਉਹ ਮੰਗਦਾ।

ਕਰਜ਼ ਲੈ ਕੇ ਮੁਕਰਨਾ ਚੰਗਾ ਨਹੀਂ,
ਐਵੇਂ ਲੈਣਾ ਚਾਹੀਦਾ ਪੰਗਾ ਨਹੀਂ।

ਨਿੱਕੀ ਜਿਹੀ ਗੱਲ ਤੋਂ ਨਾ ਸੱਜਣ ਛੱਡੀਏ,
ਆਪਣਿਆਂ ਨੂੰ ਮਨ 'ਚੋਂ ਕਾਹਨੂੰ ਕੱਢੀਏ।

ਧੜੇ ਨੂੰ ਧਰਮੋਂ ਨਾ ਉੱਚਾ ਜਾਣੀਏ,
ਹਰ ਮੁਲੰਮੇ ਨੂੰ ਨਾ ਸੁੱਚਾ ਜਾਣੀਏ।

ਤਜ਼ਰਬੇ ਤੋਂ ਸਿਖ ਕੇ ਗੱਲਾਂ ਕੀਤੀਆਂ,
ਨਾਲ ਜੋ 'ਅਮਰੀਕ ਸਿੰਘ' ਦੇ ਬੀਤੀਆਂ।
***



Sri Satguru Jagjit Singh Ji eLibrary NamdhariElibrary@gmail.com

## ਬਚਾਓ ਜਵਾਨੀ

ਜਵਾਨੋ ਨਸ਼ੇ ਤੋਂ ਬਚਾਓ ਇਹ ਜਵਾਨੀ।
ਬੜੀ ਹੋ ਰਹੀ ਅੱਜ ਹੈ ਨਸ਼ਿਆ ਤੋਂ ਹਾਨੀ।

ਬੜੀ ਮਿਹਨਤਾ ਦੇ ਨਾਲ ਕੀਤੀ ਕਮਾਈ,
ਉਹ ਨਸ਼ਿਆਂ ਦੇ ਵਿਚ ਹੈ ਤੁਸਾਂ ਨੇ ਗੰਵਾਈ।

ਨਸ਼ੇੜੀ ਬਣੇ ਸਭ ਤਾਂ ਦੱਸ ਕੀ ਬਣੇਗਾ,
ਨਾ ਧੰਨ ਹੀ ਰਹੇਗਾ ਨਾ ਤਨ ਹੀ ਰਹੇਗਾ।

ਖਤਮ ਹੋਵੇਗੀ ਸਾਡੀ ਅਗਲੇਰੀ ਪੀੜ੍ਹੀ,
ਖਤਰਨਾਕ ਲੱਗੀ ਜੜ੍ਹਾਂ ਨੂੰ ਹੈ ਕੀੜੀ।

ਜਵਾਨੋ ਅਕਲ ਦੀ ਕਰੋ ਬਾਤ ਕੋਈ,
ਨਾ ਛੱਡਿਆ ਨਸ਼ਾ, ਮਿਲਣੀ ਕਿਧਰੇ ਨਾ ਢੋਈ।

ਬੜੇ ਨਾਲ ਭਾਗਾਂ ਜਨਮ ਇਹ ਸੀ ਪਾਇਆ,
ਕੀ ਫ਼ੈਦਾ ਜੇ ਨਸ਼ਿਆਂ ਦੇ ਵਿਚ ਇਹ ਗਵਾਇਆ।

ਨਸ਼ੇੜੀ ਤਾਂ ਦੋਤਰਫ਼ਾ ਘਾਟਾ ਹੈ ਪਾਂਦਾ,
ਨਾ ਕੰਮ ਹੀ ਕਰੇ ਨਾ ਹੀ ਪੈਸਾ ਬਚਾਂਦਾ।

ਹੈ 'ਅਮਰੀਕ ਸਿੰਘ' ਗੱਲ ਪੱਕੀ ਇਹ ਕਹਿੰਦਾ,
ਨਸ਼ੇੜੀ ਬਹੁਤ ਦੇਰ ਜ਼ਿੰਦਾ ਨਹੀਂ ਰਹਿੰਦਾ।
***



Sri Satguru Jagjit Singh Ji eLibrary NamdhariElibrary@gmail.com

## ਦੋ ਹਜ਼ਾਰ ਉੱਨੀ

ਉੱਨੀ ਨੂੰ ਮੈਂ ਬੜਾ ਹੀ ਡੱਕਿਆ।
ਪਰ ਜਾਂਦੇ ਨੂੰ ਰੋਕ ਨਾ ਸਕਿਆ।

ਵੀਹ ਚੜ੍ਹਨਾ ਇਸ ਵੀ ਲੰਘ ਜਾਣਾ,
ਵਕਤ ਨੂੰ ਕਿਸੇ ਨਾ ਫੜ ਕੇ ਰੱਖਿਆ।

ਵਰ੍ਹਿਆਂ ਉਤੇ ਵਰ੍ਹੇ ਬੀਤਣ ਏ,
ਅੰਤ ਵਕਤ ਦਾ ਕਿਸੇ ਲਿਖਿਆ।

ਸਮੇਂ ਨੂੰ ਨਹੀਂ ਆਰਾਮ ਕਦੇ ਵੀ,
ਸਫ਼ਰ ਏਸ ਦਾ ਰਹਿੰਦਾ ਭੱਖਿਆ।

ਸਦੀਆਂ ਬੀਤ ਗਈਆਂ ਨੇ ਅੱਜ ਤੱਕ,
ਇਸ ਦਾ ਪੈਂਡਾ ਕਦੇ ਨਾ ਮੁੱਕਿਆ।

ਬੜੇ ਬੜੇ ਇਸ ਵਕਤ 'ਚ ਹੋਏ,
ਇਸ ਦਾ ਜਿੰਨ੍ਹਾ ਸੁਆਦ ਹੈ ਚੱਖਿਆ।

ਸਮੇਂ ਦੇ ਪੇਟੋਂ ਕਈਆਂ ਜੰਮਣਾ,
ਜਿੰਨ੍ਹਾਂ ਸਮੇਂ ਦੀ ਕਰਨੀ ਰੱਖਿਆ।

ਕਈ ਹੋਏ 'ਅਮਰੀਕ' ਜਿਹੇ ਵੀ,
ਵਕਤ ਦਾ ਜਿੰਨ੍ਹਾਂ ਘੱਟਾ ਫੱਕਿਆ।
***



Sri Satguru Jagjit Singh Ji eLibrary NamdhariElibrary@gmail.com

# ਤੁਰ ਗਏ ਸੱਜਣਾਂ ਦੀ ਯਾਦ

ਦਿਲ ਦੀਆਂ ਗੱਲਾਂ ਕਰਾਂ ਕਿਸ ਨਾਲ ਹੁਣ।
ਛੱਡ ਰਹੇ ਜੋ ਸਾਥ ਕਰ ਬੇਹਾਲ ਹੁਣ।

ਨਾਲ ਜਿਨ੍ਹਾਂ ਦੇ ਸੀ ਲਾਈ ਦੋਸਤੀ,
ਤੁਰੇ ਜਾਂਦੇ ਕਰ ਤਰਿਖੀ ਚਾਲ ਹੁਣ।

ਵਕਤ ਵਿਛੜਨ ਦਾ ਧੁਰੋਂ ਜਾਂ ਆ ਗਿਆ,
ਕੌਣ ਸਕਦਾ ਸੀ ਉਹ ਵੇਲਾ ਟਾਲ ਹੁਣ।

ਉਹਨਾਂ ਵਰਗਾ ਕੋਈ ਵੀ ਲੱਭਣਾ ਨਹੀਂ,
ਵੈਸੇ ਬੰਦਿਆਂ ਦਾ ਨਹੀ ਹੈ ਕਾਲ ਹੁਣ।

ਕਿਸੇ ਦੇ ਸੰਗ ਹੁਣ ਸੁਰ ਮਿਲਾਈ ਜਾ ਸਕੇ,
ਹੋ ਰਹੇ ਸਾਰੇ ਹੀ ਨੇ ਬੇਤਾਲ ਹੁਣ।

ਸੱਜਣਾਂ ਨੂੰ ਯਾਦ ਰੱਖ 'ਅਮਰੀਕ ਸਿੰਘ',
ਆਪਣੇ ਆਪ ਨੂੰ ਲਵੋ ਸੰਭਾਲ ਹੁਣ।
***



Sri Satguru Jagjit Singh Ji eLibrary NamdhariElibrary@gmail.com

## ਸਮਾਂ ਬੜਾ ਬਲਵਾਨ

ਸਮਾਂ ਬੜਾ ਬਲਵਾਨ ਕਿਸੇ ਤੋਂ ਟਲਦਾ ਨਹੀ।
ਤਗੜੇ ਤੋਂ ਤਗੜਾ ਵੀ ਇਸ ਨੂੰ ਝੱਲਦਾ ਨਹੀ।

ਪਾਂਡੂਆਂ ਉਤੇ ਸਮੇਂ ਦੇ ਹੋਏ ਵਾਰ ਜਦੋਂ,
ਰਾਜ ਭਾਗ ਜੂਏ 'ਚ ਗਏ ਸੀ ਹਾਰ ਜਦੋਂ,
ਦਰਯੋਧਨ ਦੀ ਮੱਤ ਸਮੇਂ ਨੇ ਮਾਰ ਲਈ।
ਕਰੋ ਦਰੋਪਦੀ ਨੰਗੀ ਮਨ ਵਿਚ ਧਾਰ ਲਈ।

ਸ਼੍ਰੀ ਕ੍ਰਿਸ਼ਨ ਜੀ ਰੱਖੀ ਲਾਜ ਮਨੁੱਖਤਾ ਦੀ,
ਬੇਪੱਤ ਕਰਨ ਦੀ ਉਸਦੀ ਨੀਅਤ ਪੁਖਤਾ ਸੀ,
ਰਾਵਨ ਦੀ ਮੱਤ ਜਦੋਂ ਸਮੇਂ ਹਰ ਲੀਤੀ ਸੀ।
ਸੀਤਾ ਹਰਨ ਦੀ ਉਸ ਸ਼ਰਾਰਤ ਕੀਤੀ ਸੀ।

ਮਰਿਆ ਸਭ ਪ੍ਵਾਰ ਤੇ ਲੰਕਾ ਉੱਜੜ ਗਈ,
ਸੋਨੇ ਦੀ ਲੰਕਾ ਸੀ ਸਭ ਹੋ ਬੰਜਰ ਗਈ,
ਸਮੇਂ ਨੇ ਮੱਤ ਮਾਰੀ ਸੀ ਜਾ ਹਰਨਾਖਸ਼ ਦੀ।
ਨਾਮ ਜਪੋ ਸਭ ਮੇਰਾ ਮਰਜੀ ਰਾਕਸ਼ ਦੀ।

ਦੁੱਖ ਦਿੱਤਾ ਪ੍ਰਹਿਲਾਦ ਨੂੰ ਥੰਮ ਤਪਾਏ ਸੀ,
ਠੰਢੇ ਹੋਏ ਥੰਮ ਪ੍ਰਭੂ ਜਾਂ ਆਏ ਸੀ,
ਸਮਾਂ ਵਰਤਿਆ ਜਦੋਂ ਭਗਤਨੀ ਮੀਰਾਂ 'ਤੇ।
ਆਖਣ ਕ੍ਰਿਸ਼ਨ ਧਿਆਨ ਨਾ ਕੰਮ ਅਮੀਰਾਂ ਦੇ।

ਛੱਡ ਦੇ ਕ੍ਰਿਸ਼ਨ ਧਿਆਨਾ ਜੇਕਰ ਜੀਣਾ ਏ,
ਨਹੀਂ ਤੇ ਜ਼ਹਿਰ ਪਿਆਲਾ ਪੈਣਾ ਪੀਣਾ ਏ,
ਗਟ ਗਟ ਕਰ ਕੇ ਪੀ ਗਈ ਕੁਝ ਨਾ ਹੋਇਆ ਸੀ।
ਸ਼੍ਰੀ ਕ੍ਰਿਸ਼ਨ ਜਾਂ ਸਾਹਮਣੇ ਆਣ ਖਲੋਇਆ ਸੀ।

ਸਮਾਂ ਵਰਤਿਆ ਜਦੋ ਬਹਾਦਰ ਲੋਕਾਂ 'ਤੇ,
ਹਾਵੀ ਹੋ ਗਏ ਸਾਰੀਆਂ ਰੋਕਾਂ ਟੋਕਾਂ 'ਤੇ,
ਜਾਨ ਗਈ ਪਰ ਅਣਖ ਜਾਣ ਨਾ ਦਿਤੀ ਏ।
ਜੀਂਦੇ ਨੇ ਉਹ ਗੱਲ ਇਹ ਪੱਕੀ ਖਿੱਤੀ ਏ।



Sri Satguru Jagjit Singh Ji eLibrary NamdhariElibrary@gmail.com

ਸਮੇਂ ਦੀ ਮਾਰ ਨੂੰ ਸੂਰਮੇ ਸਦਾ ਹੀ ਝੱਲਦੇ ਨੇ,
ਹਰ ਔਕੜ ਨੂੰ ਆਪੇ ਸਿਰਾਂ ’ਤੇ ਝੱਲਦੇ ਨੇ,
ਯਾਦ ਉਸ ਦੀ ‘ਸਿੰਘ ਅਮਰੀਕ’ ਮਨਾਂਦਾ ਏ।
ਸਮੇਂ ਦੀ ਮਾਰ ਨੂੰ ਜੋ ਪੂਰੀ ਠੱਲ ਪਾਂਦਾ ਏ।
***



Sri Satguru Jagjit Singh Ji eLibrary NamdhariElibrary@gmail.com

## ਬੁਰੇ ਦਿਨਾਂ ਦੀ ਯਾਦ

ਬੁਰੇ ਦਿਨ ਜੋ ਰੱਖਦੇ ਆਪਣੇ ਯਾਦ ਨੇ।
ਚੰਗੇ ਦਿਨ ਲਗਦੇ ਬੜੇ ਫਿਰ ਸੁਆਦ ਨੇ।

ਦੁੱਖ ਤਾਂ ਦਾਰੂ ਹੈ ਅਤੇ ਸੁਖ ਰੋਗ ਹੈ।
ਦੋਹਾਂ ਦਾ ਆਪਸ ਦੇ ਵਿਚ ਸੰਜੋਗ ਹੈ।

ਦੁੱਖ ਦੇ ਪਿੱਛੋਂ ਸੁਖ ਦੀ ਹੁੰਦੀ ਕਦਰ ਹੈ।
ਰਾਤ ਪਿੱਛੋਂ ਹੁੰਦੀ ਜੀਕਰ ਫਜ਼ਰ ਹੈ।

ਦੁੱਖ ਨਹੀਂ ਝੱਲਿਆ ਤੇ ਸੁਖ ਹੈ ਮਿਲ ਗਿਆ।
ਸੁਖ ਅਜਿਹਾ ਕੌਡੀਆਂ ਸੰਗ ਤੁਲ ਗਿਆ।

ਬੁਰੇ ਦਿਨ ਆਉਂਦੇ ਚੰਗੇਰੇ ਆਣ ਲਈ।
ਸ਼ਾਮ ਹੁੰਦੀ ਦਿਨ ਨਵਾਂ ਚੜ੍ਹ ਜਾਣ ਲਈ।

ਹਾੜ ਦੇ ਵਿਚ ਚੱਲਣ ਹਵਾਵਾਂ ਤੱਤੀਆਂ।
ਸੌਣ ਵਿਚ ਪੁਰਬਾਈਆਂ ਦੇਵਨ ਮਸਤੀਆਂ।

ਬੁਰੇ ਦਿਨ ਜੋ ਅੱਜ ਨੇ, ਚੰਗੇ ਆਉਣਗੇ।
ਭੁੱਲਣਗੇ ਜੋ ਬੁਰੇ ਦਿਨ ਪਛਤਾਉਣਗੇ।
***



Sri Satguru Jagjit Singh Ji eLibrary NamdhariElibrary@gmail.com

# ਦਰਸ਼ਨ ਜਦੋਂ ਦਾ ਪਾ ਲਿਆ

ਤੁਸਾਂ ਦਾ ਦਰਸਨ ਜਦੋਂ ਦਾ ਮੈਂ ਪਾ ਲਿਆ।
ਦਿਲ ਦੇ ਦਰਿਆ ਵਿਚ ਜਿਵੇਂ ਹੜ੍ਹ ਆ ਗਿਆ।

ਕੋਈ ਚਿੰਤਾ ਜਾਂ ਉਦਾਸੀ ਨਾ ਰਹੀ ਹੈ,
ਗ਼ਮ ਫ਼ਿਕਰ ਅਸਲੋਂ ਹੈ ਡੇਰਾ ਚਾ ਗਿਆ।

ਕੰਢਿਓਂ ਬਾਹਰ ਹੋ ਗਏ ਜਜ਼ਬਾਤ ਨੇ,
ਹਰ ਤਰਫ਼ ਮਸਤੀ ਦਾ ਆਲਮ ਛਾ ਗਿਆ।

ਮੈਲ ਮਨ ਦੀ ਹੜ੍ਹ ਦੇ ਵਿਚ ਹੀ ਰੁੜ੍ਹ ਗਈ,
ਆਪਣਾ ਆਪਾ ਵੇਖ ਮੈਂ ਸ਼ਰਮਾ ਗਿਆ।

ਕੋਈ ਬੇਗਾਨਾ ਪਰਾਇਆ ਨਾ ਰਿਹਾ,
ਹਰ ਗੁਨਾਹ ਮੈਂ ਆਪ ਤੋਂ ਬਖਸ਼ਾ ਲਿਆ।

ਕਿਸੇ ਅਗਲੇ ਸਵਰਗ ਦੀ ਕੀ ਲੋੜ ਹੈ?
ਜੀਂਦੇ ਜੀ ਹੀ ਸਵਰਗ ਮੈਂ ਹੰਢਾ ਲਿਆ।

ਖੁਸ਼ ਨਸੀਬੀ ਹੈ ਤੁਸਾਂ 'ਅਮਰੀਕ' ਨੂੰ
ਘੁੱਟ ਲਿਆ ਬਾਹਾਂ 'ਚ ਤੇ ਅਪਨਾ ਲਿਆ।
***



Sri Satguru Jagjit Singh Ji eLibrary NamdhariElibrary@gmail.com

## ਕਿਉਂ ਕਰਦੇ ਹਾਂ ਆਪ ਹੁਦਰੀਆਂ

ਕਿਉਂ ਕਰਦੇ ਹਾਂ ਆਪ ਹੁਦਰੀਆਂ ਚਾਰ ਦਿਨਾਂ ਦਾ ਜੀਣਾ ਏ।
ਭਲੇ ਕੰਮਾਂ ਵਿਚ ਲਾਈਏ ਇਹ ਦਿਨ ਫੇਰ ਜਨਮ ਨਾ ਥੀਣਾ ਏ।

ਦੂਰ ਗਿਆਂ ਨੂੰ ਕਿਸੇ ਤਰ੍ਹਾਂ ਵੀ ਅਪਣੇ ਪਾਸ ਬੁਲਾਈਏ,
ਗਲਵਕੜੀ ਵਿਚ ਲੈ ਕੇ ਸਭ ਨੂੰ ਐਸੀ ਜੁਗਤ ਬਣਾਈਏ,
ਕਰੀਏ ਦੂਰ ਦਿਲਾਂ ਤੋਂ ਦੂਰੀ ਹਰ ਪਾਟੇ ਨੂੰ ਸੀਣਾ ਏ।

ਜੁੜਦਿਆਂ ਨੂੰ ਜੋ ਜੁੜਣ ਨ ਦੇਵੇ, ਜੁੜਿਆਂ ਤਾਈਂ ਨਖੇੜ ਦਵੇ,
ਸੁਲ੍ਹਾ ਹੁੰਦੀ ਦੋ ਧੜਿਆਂ ਦੇ ਵਿਚ ਆਉਂਦੇ ਸਾਰ ਹੁਦੇੜ ਦਵੇ,
ਸਮਝੀਏ ਉਸ ਬੰਦੇ ਨੂੰ ਆਪਾਂ ਬੜਾ ਕਰਮ ਦਾ ਹੀਣਾ ਏ।

ਮੰਦਾ ਚੰਗਾ ਕੌਣ ਹੈ ਏਥੇ ਕਰਮ ਹੀ ਚੰਗੇ ਮੰਦੇ ਨੇ,
ਕੰਮ ਕਰੇ ਜੋ ਭਲੇ ਹੈ ਚੰਗਾ, ਬੁਰਾ ਬਣਾਂਦੇ ਧੰਦੇ ਨੇ,
ਆਖਰ ਨੂੰ ਮੰਝਧਾਰੀ ਡੁੱਬਦਾ ਪਾਪ ਸਫ਼ੀਨਾ ਏ।

ਕਹਿ ਦੇਵੋ 'ਅਮਰੀਕ ਸਿੰਘ' ਨੂੰ ਸੰਭਾਲ ਪੈਰ ਟਿਕਾਵੇ,
ਐਸੀ ਕਰਨੀ ਕਰੇ ਜਦੋਂ ਵੀ ਏਸ ਜਹਾਨੋਂ ਜਾਵੇ,
ਯਾਦ ਕਰਨ ਸਭ ਲੋਕੀਂ ਉਸਨੂੰ ਹੋਵੇ ਸਦ ਪਰਬੀਨਾ ਏ।
***



Sri Satguru Jagjit Singh Ji eLibrary NamdhariElibrary@gmail.com

## ਸ਼ਾਮ ਜਦ ਹੋ ਜਾਏਗੀ

ਜ਼ਿੰਦਗੀ ਦੀ ਸ਼ਾਮ ਜਦ ਹੋ ਜਾਏਗੀ।
ਕੋਈ ਗੱਲ ਵੀ ਫੇਰ ਨਾ ਹੋ ਪਾਏਗੀ।

ਜੋ ਵੀ ਕਰਨਾ ਹੈ ਹੁਣੇ ਹੀ ਕਰ ਲਵੋਂ,
ਪੁੱਠਾ ਗੇੜਾ ਘੜੀ ਨਾ ਫਿਰ ਖਾਏਗੀ।

ਹੈ ਬਹਾਦਰ ਜੋ ਸਮਾਂ ਸੰਭਾਲਦੈ,
ਸੋਹਿਲੇ ਉਸ ਦੇ ਹੀ ਦੁਨੀਆ ਗਾਏਗੀ।

ਤੁਰ ਗਿਆ ਇਕ ਵਾਰ ਜੋ ਸੰਸਾਰ ਤੋਂ,
ਯਾਦ ਬੱਸ ਉਸਦੀ ਸਦਾ ਤੜਪਾਏਗੀ।

ਪੁਲਾਂ ਹੇਠੋਂ ਲਹਿਰ ਜਿਹੜੀ ਲੰਘ ਗਈ,
ਪਰਤ ਕੇ ਉਹ ਫਿਰ ਕਦੇ ਨ ਆਏਗੀ।

ਲੋਕ ਸਾਰੇ ਹਨ ਮੁਸਾਫਰ ਰੇਲ ਦੇ,
ਕੁਦਰਤ ਸਭ ਦੀ ਹੀ ਟਿਕਟ ਕਟਵਾਏਗੀ।

ਵਾਰੀ ਵਾਰੀ ਉਤਰਨੇ ਸਭ ਰੇਲ ਤੋਂ,
ਰੇਲ ਵਿਚ ਨਾ ਸੀਟ ਪਕੀ ਥਿਆਏਗੀ।

ਵਕਤ ਨੂੰ ਸੰਭਾਲ ਐ 'ਅਮਰੀਕ ਸਿੰਘ',
ਕੋਈ ਸ਼ਕਤੀ ਵਕਤ ਨਾ ਰੁਕਵਾਏਗੀ।
***



Sri Satguru Jagjit Singh Ji eLibrary NamdhariElibrary@gmail.com

## ਮੌਤ ਐਸਾ ਖੂਹ ਹੈ

ਮੌਤ ਐਸਾ ਖੂਹ ਹੈ ਜਿਸ ਵਿੱਚ ਡੁੱਬਣਾ ਹੈ ਸਾਰਿਆਂ,
ਐਸੀ ਦਲਦਲ ਹੈ ਕਿ ਜਿਸੇ ਵਿੱਚ ਖੁੱਭਣਾ ਹੈ ਸਾਰਿਆਂ।

ਵਾਰੀ ਵਾਰੀ ਸਾਰਿਆਂ ਹੈ ਛਾਲ ਇਸ ਵਿਚ ਮਾਰਨੀ,
ਬਹੁਤ ਵੱਡੇ ਵਡਿਆਂ ਦੀ ਹਿੰਮਤ ਏਥੇ ਹਾਰਨੀ।

ਇਸ ਦੀ ਮਾਰੋਂ ਕੋਈ ਬਚ ਸਕਿਆ ਨਹੀ ਸੰਸਾਰ ਵਿੱਚ,
ਸਭ ਨੂੰ ਹੀ ਜਾਣਾ ਹੈ ਪੈਂਦਾ ਇਸ ਹਨੇਰੀ ਗ਼ਾਰ ਵਿੱਚ।

ਏਸ ਖੂਹ ਵਿੱਚ ਡਿਗ ਕੇ ਕੋਈ ਨਿਕਲ ਸਕਿਆ ਨਹੀਂ,
ਪਰਤ ਕੇ ਕੋਈ ਕਿਸੇ ਨੂੰ ਆ ਕੇ ਮਿਲ ਸਕਿਆ ਨਹੀਂ।

ਇਸਦੇ ਆਇਆਂ ਟੁੱਟਦਿਆਂ ਨੇ ਸਭੈ ਰਿਸ਼ਤੇਦਾਰੀਆਂ,
ਕਿਸੇ ਵੀ ਆਕੇ ਨਾ ਹਿੱਕਾਂ ਸੜਦੀਆਂ ਨੇ ਠਾਰੀਆਂ।

ਮੌਤੋਂ ਕੁਝ ਇਨਸਾਨ ਪਰ ਬਿਲਕੁਲ ਕਦੇ ਡਰਦੇ ਨਹੀਂ,
ਮੌਤ ਹਠ ਹੈ ਹਾਰਦੀ ਪਰ ਸੂਰਮੇ ਹਰਦੇ ਨਹੀਂ।

ਮੌਤ ਆ ਇਕ ਚੰਗਾ ਕੰਮ ਵਾ ਕਰ ਦਵੇ,
ਬੰਦੇ ਦਾ ਹਰ ਗ਼ਮ ਫਿਕਰ ਸਾਰੇ ਦੇ ਸਾਰੇ ਹਰ ਲਵੇ।

ਮੌਤ ਆਇਆਂ ਬੇਫ਼ਿਕਰ ਹੋ ਜਾਏਗਾ 'ਅਮਰੀਕ ਸਿੰਘ',
ਉਲਝਣਾਂ ਤੋਂ ਸਭ ਖਲਾਸੀ ਪਾਏਗਾ 'ਅਮਰੀਕ ਸਿੰਘ'।

***



Sri Satguru Jagjit Singh Ji eLibrary NamdhariElibrary@gmail.com

# ਖ਼ੁਸ਼ੀ ਮਨਾਈਏ

(ਪੜਪੋਤੀ ਅੰਮ੍ਰਿਤ ਦੇ ਜਨਮ ਦਿਨ 'ਤੇ)

ਜਨਮ ਦਿਵਸ ਅੱਜ ਅੰਮ੍ਰਿਤ ਦਾ ਏ ਆਓ ਖ਼ੁਸ਼ੀ ਮਨਾਈਏ।
ਦਾਤ ਇਹ ਬਖਸ਼ੀ ਜਿਸ ਨੇ ਸਾਨੂੰ ਉਸ ਦੇ ਵਾਰਨੇ ਜਾਈਏ।

ਦੇਵਨਹਾਰ ਹੈ ਦਾਤਾਂ ਸਭ ਨੂੰ ਸਿਫਤਾਂ ਕਰ ਕਰ ਹਰੀਏ,
ਖਾਲੀ ਭਾਂਡੇ ਭਰ ਦੇਂਦਾ ਏ ਨੀਅਤ ਰਾਸ ਜੇ ਕਰੀਏ।

ਕਮੀ ਕੋਈ ਵੀ ਰਹਿਣ ਨਾ ਦੇਵੇ ਪੂਰੀਆਂ ਕਰਦੈ ਆਸਾਂ,
ਉਸ ਦੇ ਨਾਲ ਜੋ ਪਾਏ ਭਿਆਲੀ ਨਿਭਦੈ ਨਾਲ ਸੁਆਸਾਂ।

ਆਓ ਉਸਦੇ ਚਰਨਾਂ ਉਤੇ ਆਪਣਾ ਸੀਸ ਝੁਕਾਈਏ,
ਭਰਮ ਭੁਲੇਖੇ ਮਨਾਂ 'ਚੋਂ ਸਾਰੇ ਅਸਲੋਂ ਦੂਰ ਭਜਾਈਏ।

ਜਿਸ ਦੇ ਵੱਲ ਉਹ ਹੋ ਜਾਂਦਾ ਏ ਪਿੱਠ ਪੂਰਦੈ ਪੂਰੀ,
ਜੋ ਮੰਨਤ ਵੀ ਮੰਨੀਏ ਆਪਾਂ ਰਹਿਣ ਨਾ ਦੇਣ ਅਧੂਰੀ।

ਜੀਵਨ ਮੁਕਤ ਉਹ ਹੋ ਜਾਂਦਾ ਏ ਭਰ ਨਜ਼ਰਾਂ ਜੇ ਤੱਕੇ।
ਉਸ ਦੇ ਦੁਸ਼ਮਨ ਦੋਸਤ ਹੋਵਨ ਬਣਦੇ ਸਾਕ ਨੇ ਸੱਕੇ।

ਲੰਮੀ ਤੇ ਪ੍ਰਸੰਨ ਉਮਰ ਹੀ ਅੰਮ੍ਰਿਤ ਦੀ ਅੱਜ ਅੰਗੀਏ,
ਲੈ ਕੇ ਨਾਲ 'ਅਮਰੀਕ ਸਿੰਘ' ਨੂੰ ਮੰਗ ਮੰਗਣੋ ਨਾ ਸੰਗੀਏ।
***



Sri Satguru Jagjit Singh Ji eLibrary NamdhariElibrary@gmail.com

# ਆਤਮ ਹੱਤਿਆ ਕਰਨ ਵਾਲੇ ਨੂੰ

ਪਤਾ ਨਹੀਂ ਕਿੰਨਾ ਜਕਲੰਭ ਆ ਜਾਂਦਾ ਏ।
ਆਪਣੇ ਹੀ ਹਥੀਂ ਬੰਦਾ ਆਪੇ ਨੂੰ ਮੁਕਾਂਦਾ ਏ।

ਮਾੜੀ ਮੋਟੀ ਤੰਗੀ ਪਰਵਾਰੀ ਹੋ ਹੀ ਜਾਂਦੀ ਏ,
ਨਿੱਕੀ ਜਿਹੀ ਗਲੋਂ ਬੰਦਾ ਜਨਮ ਗਵਾਂਦਾ ਏ।

ਲੱਖਾਂ ਜੂਨਾਂ ਬਾਦ ਮਸਾਂ ਜਨਮ ਇਹ ਪਾਇਆ ਸੀ,
ਗੁੱਸੇ ਵਿੱਚ ਆ ਕੇ ਇਹਨੂੰ ਮਿੱਟੀ ਚਾ ਮਿਲਾਂਦਾ ਏ।

ਸੋਚਦਾ ਨਹੀਂ ਪਿੱਛੋਂ ਇਹਨਾਂ ਜੀਆਂ ਦਾ ਕੀ ਬਣੇਗਾ,
ਮਾਪੇ ਕੀ ਕਰਨਗੇ ਇਹ ਮਨੋਂ ਹੀ ਭੁਲਾਂਦਾ ਏ।

ਪਤਨੀ ਜੋ ਮਾਪਿਆਂ ਨੇ ਇਹਦੇ ਲੜ ਲਾਈ ਸੀ,
ਜਾਣ ਲੱਗਾ ਕਿਹਨੂੰ ਉਹਦਾ ਪੱਲਾ ਪਕੜਾਂਦਾ ਏ।

ਕਰਜ਼ਾ ਜੋ ਲੱਖਾਂ ਦਾ ਸੀ ਚੁੱਕਿਆ ਗਆਂਢ 'ਤੋਂ,
ਕੌਣ ਪਿੱਛੋਂ ਲਾਹੇਗਾ ਇਹ ਸੋਚ ਹੀ ਨਾ ਪਾਂਦਾ ਏ।

ਆਪ ਤੁਰ ਜਾਂਦੈ ਦੁਖੀ ਕਰ ਜਾਂਦੈ ਕਈਆਂ ਤਾਈਂ,
ਮਰਨ ਲੱਗਾ ਏਸ ਗੱਲੋਂ ਨਹੀਂ ਸ਼ਰਮਾਂਦਾ ਏ।

ਖ਼ੁਦਕੁਸ਼ੀ ਬੜਾ ਵੱਡਾ ਪਾਪ ਹੈ ਸਿਆਣੇ ਕਹਿਣ,
ਬੜਾ 'ਅਮਰੀਕ ਸਿੰਘ' ਪਿਆ ਸਮਝਾਂਦਾ ਏ।
***



Sri Satguru Jagjit Singh Ji eLibrary NamdhariElibrary@gmail.com

## ਨੀਅਤ ਹੋਵੇ ਰਾਸ

ਨੀਅਤ ਹੋਵੇ ਰਾਸ ਨਾ ਘਾਟਾ ਕੋਈ ਏ।
ਬਦ-ਨੀਅਤ ਨੂੰ ਮਿਲਦੀ ਕਿਤੇ ਨਾ ਢੋਈ ਏ।

ਪੈਰ ਪੈਰ ’ਤੇ ਉਸਨੂੰ ਠੋਕਰ ਲੱਗਦੀ ਏ,
ਝੋਲੀ ਵਿਚ ਬਦਨਾਮੀ ਪੈਂਦੀ ਲੱਗਦੀ ਏ।

ਪਰ੍ਹੇ ਵਿਚ ਨਾ ਬਾਤ ਅਸਰ ਹੀ ਕਰਦੀ ਏ,
ਕੋਈ ਵਾ ਬਣਦਾ ਨਹੀਂ ਉਸਦਾ ਦਰਦੀ ਏ।

ਬਦਨੀਅਤ ਤਾਂ ਹਰ ਥਾਂ ਭੰਡਿਆ ਜਾਂਦਾ ਏ,
ਜਿੱਧਰ ਵੀ ਉਹ ਜਾਵੇ ਮਾਤ ਹੀ ਖਾਂਦਾ ਏ।

ਚਮਕ ਉਸ ਦੀ ਹੁੰਦੀ ਵਾਂਗ ਮੁਲੰਮੇ ਦੇ,
ਨਿਕਲੇ ਵਿੱਚੋਂ ਵਾਂਗ ਉਹ ਲੋਹੇ ਨਿਕੰਮੇ ਦੇ।

ਉਸ ’ਤੇ ਬੰਦਾ ਕੋਈ ਨਾ ਇਤਬਾਰ ਕਰੇ,
ਜਿਸ ਨੂੰ ਮਿਲਦੈ ਉਸ ਤੇ ਭੈੜਾ ਵਾਰ ਕਰੇ।

‘ਸਿੰਘ ਅਮਰੀਕ’ ਨੂੰ ਵੀ ਮੈਂ ਸਮਝਾਇਆ ਏ,
ਬਚ ਜਾ ਬਦ-ਨੀਅਤ ਦਾ ਭੈੜਾ ਸਾਇਆ ਏ।
***



Sri Satguru Jagjit Singh Ji eLibrary NamdhariElibrary@gmail.com

# ਸਾਰਥਕ ਜ਼ਿੰਦਗੀ

ਜ਼ਿੰਦਗੀ ਨੂੰ ਸਾਰਥਕ ਕਰਨਾ ਅਸੀਂ ਜੇ ਲੋੜਦੇ।
ਕਿਉਂ ਨਹੀਂ ਬਦੀਆਂ ਤੋਂ ਆਪਣੇ ਸਾਰੇ ਨਾਤੇ ਤੋੜਦੇ।

ਜਾਣਦੇ ਹਾਂ ਕਿ ਬੁਰਾਈ ਦਾ ਨਤੀਜਾ ਬੁਰਾ ਹੈ,
ਫੇਰ ਵੀ ਚੰਗਿਆਈ ਨੂੰ ਹਾਂ ਗੰਦੇ ਨਾਲੇ ਰੋੜ੍ਹਦੇ।

ਕਰੀਏ ਸੰਗਤ ਨੇਕ ਬੰਦਿਆਂ ਦੀ ਜਨਮ ਹੈ ਸੌਰਦੇ,
ਜਾਨ ਬੁੱਝ ਕੇ ਅਸੀ ਮੂੰਹ ਹਾਂ ਭੈੜਿਆਂ ਸੰਗ ਜੋੜਦੇ।

ਵੇਦ ਸ਼ਾਸਤਰ ਸਾਰੇ ਹੀ ਤਾਂ ਹਨ ਬੁਰਾਈਓਂ ਰੋਕਦੇ,
ਫੇਰ ਵੀ ਇਨਸਾਨ ਕਿਉਂ ਨੇ ਵੱਲ ਬੁਰਾਈ ਦੌੜਦੇ।

ਮੋਤੀਆਂ ਦੇ ਸਿੱਪ ਤਾਂ ਲੱਭਦੇ ਸਾਗਰ 'ਚੋਂ ਭਾਲਿਆਂ,
ਲੋਕ ਟੁੱਭੀਆਂ ਲਾ ਰਹੇ ਨੇ ਵਿਚ ਗੰਦੇ ਜੌਹੜ ਦੇ।

ਮਤਲਬੀ ਮਿੱਤਰਾਂ ਦੀ ਯਾਰੀ ਧੁੰਦ ਦੇ ਬਦਲਾਂ ਜਿਹੀ,
ਸੱਚੇ ਸਾਥੀ ਭੀੜ ਪੈਂਦੀ ਵਿਚ ਨੇ ਛੇਤੀ ਬੌਹੜਦੇ।

ਕਹਿ ਦਿਓ 'ਅਮਰੀਕ ਸਿੰਘ' ਨੂੰ ਐਵੇ ਨਾ ਭੱਜਿਆ ਫਿਰੇ,
ਪੈ ਕੇ ਔਝੜ ਸਿੱਧੀਆ ਰਾਹਾਂ ਕਿਤੇ ਨਾ ਛੋੜਦੇ।
***



Sri Satguru Jagjit Singh Ji eLibrary NamdhariElibrary@gmail.com

## ਮੁੱਲ ਹੈ ਕੀ ਤੋਲ ਹੈ

ਇਸ ਮਨੁੱਖ ਜਨਮ ਦਾ ਕੀ ਮੁੱਲ ਹੈ ਕੀ ਤੋਲ ਹੈ।
ਖਾਹਮ ਖਾਹ ਦੇ ਝਗੜਿਆਂ ਵਿੱਚ ਬੰਦਾ ਰਿਹਾ ਕਿਉਂ ਰੋਲ ਹੈ।

ਲੁਕ ਛਿਪ ਕੇ ਮਾਰਦੈ ਦਿਨ ਰਾਤ ਠੱਗੀਆ ਠੋਰੀਆਂ,
ਸੋਚਦਾ ਨਹੀਂ ਵੇਖਦਾ ਹੈ ਰੱਬ ਜੋ ਰਹਿੰਦਾ ਕੋਲ ਹੈ।

ਝੂਠ ਹਰ ਦਮ ਬੋਲਦਾ ਏ ਸੱਚ ਲੁਕਾਵਨ ਵਾਸਤੇ,
ਝੂਠ ਤਾਂ ਪਰ ਝੂਠ ਰਹਿੰਦੈ ਸੱਚ ਪੈਂਦਾ ਬੋਲ ਹੈ।

ਮਾਰਦੈ ਯੱਕੜ ਬੜੇ ਵੱਡੇ ਜਿੰਨ੍ਹਾਂ ਦੇ ਵਾਸਤੇ,
ਪਾਪ ਦੇ ਬਣਦੇ ਨਾ ਭਾਗੀ ਖੁੱਲ੍ਹਦੀ ਜਾਂ ਪੋਲ ਹੈ।

ਰੱਬ ਨੇ ਦੁਨੀਆ ਬਣਾਈ ਸਾਫ਼ ਸੁਥਰੀ ਰਹਿਣ ਲਈ,
ਕਿਉਂ ਰਿਹਾ ਇਨਸਾਨ ਉਸ ਵਿੱਚ ਜ਼ਹਿਰ ਕਾਂਜੀ ਘੋਲ ਹੈ।

ਅੱਜ ਦਾ ਹਟਵਾਣੀਆਂ ਵੱਧ ਦੱਸਦੈ ਘੱਟ ਤੋਲਦੈ,
ਅੰਤ ਲੇਖਾ ਦੇਣਾ ਪੈਣਾ ਰਿਹਾ ਨਹੀਂ ਪੜਚੋਲ ਹੈ।

ਕਰ ਕਮਾਈ ਨੇਕ ਤੂੰ ਸਦਾ ਐ 'ਅਮਰੀਕ ਸਿੰਘ',
ਸਿਰ ਤੇਰੇ 'ਤੇ ਵੱਜ ਰਿਹਾ ਯਮਰਾਜ ਦਾ ਹੁਣ ਢੋਲ ਹੈ।
***



Sri Satguru Jagjit Singh Ji eLibrary NamdhariElibrary@gmail.com

## ਪੰਦਰਾਂ ਅਗਸਤ

ਪੰਦਰਾਂ ਅਗਸਤ ਇਕ ਐਸਾ ਹੀ ਦਿਹਾੜਾ ਸੀ।
ਦੇਸ਼ ਸੀ ਆਜ਼ਾਦ, ਸਾਡਾ ਹੋ ਗਿਆ ਉਜਾੜਾ ਸੀ।

ਘਰ ਬਾਰ ਛੱਡ ਐਸੇ ਸਫਰ 'ਤੇ ਚੱਲ ਪਏ,
ਦੁੱਖਾਂ ਤੇ ਮੁਸੀਬਤਾਂ ਦੇ ਹਾਰ ਸਾਡੇ ਗਲ਼ ਪਏ।

ਰੁਲ ਖੁਲ ਅਪੜੇ ਸਾਂ ਅਸੀਂ ਹਿੰਦੁਸਤਾਨ ਵਿੱਚ,
ਰਹਿ ਗਿਆ ਅਸਾਡਾ ਸਭ ਕੁਝ ਪਾਕਿਸਤਾਨ ਵਿੱਚ।

ਬਣ ਗਏ ਸ਼ਰਨਾਰਥੀ ਰਫਿਊਜੀ ਵੀ ਕਹਾਏ ਸਾਂ,
ਹਿੰਦ ਵਿੱਚ ਨਵੀਂ ਦੂਜੀ ਕੌਮ ਵੀ ਕਹਾਏ ਸਾਂ।

ਬੇਗੁਨਾਹ ਕਈ ਮਰ ਗਏ ਇੱਜਤ ਵੀ ਰਹੀ ਨਾ,
ਬਚ ਗਏ ਜਿਹੜੇ ਉੱਕਾ ਹਿੰਮਤ ਵੀ ਰਹੀ ਨਾ।

ਕੱਲ੍ਹ ਸਰਦਾਰ ਸਨ ਅੱਜ ਉਹ ਭਿਖਾਰੀ ਸਨ,
ਉਲਟੀ ਹਵਾ ਚੱਲੀ ਰੋਟੀ ਤੋਂ ਵੀ ਆਰ੍ਹੀ ਸਨ।

ਸਾਰੇ ਦੁਖ ਸਹਿ ਕੇ ਅਸਾਂ ਕਮਰਾਂ ਸੀ ਕੱਸੀਆਂ,
ਕਿਸ ਤਰ੍ਹਾਂ ਜੀਣਾ ਹੈ ਇਹ ਜਾਦਾ ਦੁੱਖਾਂ ਦੱਸੀਆਂ।

ਪੰਦਰਾਂ ਅਗਸਤ ਹੈ ਦਿਵਾਂਦਾ ਯਾਦ ਉਸ ਵੇਲੇ ਦੀ,
ਵੱਸਦੇ ਸਾਂ ਹੋਏ ਬਰਬਾਦ ਉਸ ਵੇਲੇ ਦੀ।

ਮਿਹਨਤਾਂ ਦੇ ਨਾਲ ਅੱਜ ਥਾਂ ਸਿਰ ਹੋ ਗਏ,
ਹੋਏ ਸੁਮਰਿਧ ਅਸੀਂ ਸਾਰੇ ਧੋਣੇ ਧੋ ਗਏ।

ਪਰ ਜਨਮ ਭੂਮੀ ਦੀਆਂ ਯਾਦਾਂ ਨਹੀਂ ਭੁੱਲੀਆਂ,
ਅੱਜ ਕਰ ਯਾਦ ਅੱਖਾਂ ਹੰਝੂ ਭਰ ਡੁੱਲ੍ਹੀਆਂ।

ਉਦੋਂ ਜਦੋਂ ਦੇਸ਼ ਨੂੰ ਆਜ਼ਾਦੀ ਮਿਲ ਗਈ ਸੀ,
ਸਾਨੂੰ ਪਰ ਪੂਰੀ ਬਰਬਾਦੀ ਮਿਲ ਗਈ ਸੀ।



Sri Satguru Jagjit Singh Ji eLibrary NamdhariElibrary@gmail.com

# ਗੱਲਾਂ ਯਾਦ ਰਹਿ ਜਾਂਦੀਆਂ

ਸਮਾਂ ਬੀਤ ਜਾਂਦੈ ਯਾਦ ਗੱਲਾ ਰਹਿ ਜਾਂਦੀਆਂ,
ਤੁਰ ਜਾਣ ਯਾਰ ਯਾਦਾਂ ਰਹਿਣ ਤੜਪਾਂਦੀਆਂ।

ਆਪ ਚਲੇ ਜਾਣ ਸੁੰਨਾ ਹੁੰਦਾ ਸੰਸਾਰ ਏ,
ਲਗਦਾ ਨਾ ਚੰਗਾ ਕੋਈ ਕਾਰ ਜਾਂ ਵਿਹਾਰ ਏ,
ਰੌਣਕਾਂ ਨੇ ਬਹੁਤ ਪਰ ਉੱਕਾ ਨਾ ਸੁਖਾਂਦੀਆਂ।

ਵੱਗੇ ਪੁਰਵਾਈ ਪਰ ਚੰਗੀ ਨਹੀਂ ਲੱਗਦੀ,
ਹੰਝੂਆਂ ਦੀ ਧਾਰ ਪਈ ਅੱਖੀਆਂ 'ਚੋਂ ਵੱਗਦੀ,
ਰਾਤ ਦਿਨ ਵੱਗਣ ਇਹ ਨਹੀਂ ਰੁਕ ਪਾਂਦੀਆਂ।

ਸੌਣ ਕਾਹਦਾ ਆਇਆ ਅੱਗ ਸੀਨੇ ਸਗੋਂ ਲਾ ਗਿਆ,
ਬਿਰਹਾ ਦੇ ਜ਼ਖਮਾਂ 'ਤੇ ਲੂਣ ਛਿੜਕਾ ਗਿਆ,
ਕਾਲੀਆਂ ਘਟਾਵਾਂ ਵੀ ਨੇ ਦਿਲ ਨੂੰ ਦੁਖਾਂਦੀਆਂ।

ਪਤਾ ਹੈ ਕਿ ਉਹਨਾਂ ਹੁਣ ਮੁੜ ਕੇ ਨਾ ਔਣਾ ਏ,
ਯਾਦ ਪਰ ਉਹਨਾਂ ਦੀ ਨੇ ਸਦਾ ਤੜਪੌਣਾ ਏ,
ਗੱਲਾਂ 'ਅਮਰੀਕ ਸਿੰਘ' ਹੋਰ ਨਹੀ ਸੁਖਾਂਦੀਆਂ।
***



Sri Satguru Jagjit Singh Ji eLibrary NamdhariElibrary@gmail.com

## ਦਿਲ ਕੋਲ ਜੋ ਵੱਸੇ

ਸੱਜਣ ਸੋ ਦਿਲ ਕੋਲ ਜੋ ਵੱਸੇ।
ਦਿਲ ਦੀਆਂ ਸੁਣੇ ਤੇ ਦਿਲ ਦੀਆਂ ਦੱਸੇ।

ਮਿਲੇ ਤਾਂ ਤਨ ਮਨ ਤ੍ਰਿਪਤ ਹੋ ਜਾਵੇ,
ਗ਼ਮਾਂ ਦੀ ਧਾੜ ਵੀ ਡਰਦੀ ਨੱਸੇ।

ਦੂਰ ਹਨੇਰਾ ਹੋਵੇ ਮਨ ਦਾ,
ਪਿਆਰ ਦਾ ਦੀਪਕ ਅੰਦਰ ਚੱਸੇ।

ਮਹਿਕ ਭਰੇ ਫੁੱਲ ਕਿਰਦੇ ਮੁੱਖੋਂ,
ਸਾਰੀ ਦੁਨੀਆਂ ਖਿੜ ਖਿੜ ਹੱਸੇ।

ਉਮਰ ਤੀਕ ਇਹ ਖੁੱਲ੍ਹਣੇ ਨਾਹੀਂ,
ਪ੍ਰੀਤ-ਪੇਚ ਨੇ ਅਜੇਹੇ ਕੱਸੇ।

ਐਸਾ ਸੱਜਣ ਮਿਲਿਆ ਸਾਨੂੰ,
ਦੁੱਖ ਦਰਦ ਜਿਸ ਅਸਲੋਂ ਖੱਸੇ।

ਹੈ 'ਅਮਰੀਕ' ਨਸੀਬਾਂ ਵਾਲਾ,
ਟੁੱਟੇ ਜਿਸ ਦੇ ਗ਼ਮਾਂ ਦੇ ਰੱਸੇ।
***



Sri Satguru Jagjit Singh Ji eLibrary NamdhariElibrary@gmail.com

## ਸਭ ਤੁਰ ਚੱਲੇ

ਸੱਜਣ ਮਿੱਤਰ ਸਭ ਤੁਰ ਚੱਲੇ।
ਰਹਿ ਗਏ ਹਾਂ ਅਸੀਂ ਕਲਮ 'ਕੱਲੇ।

ਕਿਸ ਦੇ ਨਾਲ ਭਿਆਲੀ ਪਾਈਏ,
ਸੱਜਣਾਂ ਦੇਸ ਅਵੱਲੇ ਮੱਲੇ।

ਵਾਲ ਵਾਲ ਗ਼ਮਗੀਨ ਅਸਾਡਾ,
ਕੌਣ ਅਸਾਡੇ ਅੱਥਰੂ ਠੱਲੇ।

ਕਿਸ ਨੂੰ ਦੱਸੀਏ, ਕਿਵੇਂ ਸੁਣਾਈਏ,
ਬਿਰਹਾ ਦੇ ਪਲ ਕੀਕਣ ਝੱਲੇ।

ਕਿਸੇ ਨੇ ਆਕੇ ਹਾਲ ਨਾ ਦੱਸਿਆ,
ਬਹੁਤੇ ਅਸਾਂ ਸੁਨੇਹੇ ਘੱਲੇ।

ਇਸ ਜੀਵਨ ਤੋਂ ਮਰਨਾ ਚੰਗਾ,
ਝੱਲਦੇ ਹਾਂ ਪਏ ਕਸ਼ਟ ਅਵੱਲੇ।

ਕਹਿ ਦੇਵੋ 'ਅਮਰੀਕ ਸਿੰਘ' ਨੂੰ,
ਗਏ ਨਾ ਮੁੜਦੇ ਦੇਸਾਂ ਵੱਲੇ।

ਰੋਣਾ ਧੋਣਾ ਛੱਡਦੇ ਅਸਲੋਂ,
ਯਾਦ ਉਹਨਾਂ ਦੀ ਬੰਨ੍ਹ ਲੈ ਪੱਲੇ।

ਇਕ ਦਿਨ ਅਸਾਂ ਵੀ ਜਾਣਾ ਉਥੇ,
ਨਹੀਂ ਰਹਿਣਾ ਹੁਣ ਏਥੇ 'ਕੱਲੇ।
***



Sri Satguru Jagjit Singh Ji eLibrary NamdhariElibrary@gmail.com

## ਅਜਿਹਾ ਕੰਮ ਕਰਨਾ ਚਾਹੀਦਾ

ਜ਼ਿੰਦਗੀ ਵਿਚ ਕੁਝ ਅਜਿਹਾ ਕੰਮ ਕਰਨਾ ਚਾਹੀਦਾ।
ਆਮ ਲੋਕਾਂ ਦਾ ਕੋਈ ਤਾਂ ਪੱਖ ਸੁਧਰਨਾ ਚਾਹੀਦਾ।

ਕਿਸੇ ਵੀ ਕਾਰਨ ਮਨੁੱਖ ਜੋ ਬਹੁਤ ਪਿੱਛੇ ਰਹਿ ਗਿਆ,
ਤੁਸਾਂ ਦੇ ਉੱਦਮ ਦਾ ਸਦਕਾ ਕੁਝ ਉਭਰਨਾ ਚਾਹੀਦਾ।

ਤੋੜ ਲਓ ਹੰਕਾਰੀਆਂ ਦੇ ਨਾਲ ਨਾਤਾ ਹੁਣੇ ਹੀ,
ਨਿੰਮ੍ਰਤਾ ਵਾਲੇ ਮਨੁੱਖਾਂ ਸੰਗ ਵਿਚਰਨਾ ਚਾਹੀਦਾ।

ਕਰਕੇ ਮਿਹਨਤ ਕੋਈ ਜੋ ਇਨਸਾਨ ਅੱਗੇ ਵਧ ਰਿਹੈ,
ਖ਼ੁਸ਼ ਸਦਾ ਹੋਵੋ ਕਦੇ ਨਾ ਸੜਣਾ ਝੁਰਨਾ ਚਾਹੀਦੈ।

ਲੋੜਵੰਦਾਂ ਦੀ ਹਮਾਇਤ ਕਰਨੋ ਜੋ ਸੰਗਦਾ ਨਹੀਂ,
ਰੱਬ ਦੇ ਵਰਗਾ ਹੈ ਉਸ ਦਾ ਨਾਂ ਸਿਮਰਨਾ ਚਾਹੀਦਾ।

ਕੀਮਤੀ ਗੱਲਾਂ ਨੇ ਜੇ ਤੂੰ ਮੰਨ ਲਵੇਂ 'ਅਮਰੀਕ ਸਿੰਘ',
ਖ਼ਾਹਮਖ਼ਾਹ ਨਹੀਂ ਮੂਰਖਾਂ ਦੇ ਸੰਗ ਉਲਝਣਾ ਚਾਹੀਦਾ।
***



Sri Satguru Jagjit Singh Ji eLibrary NamdhariElibrary@gmail.com

## ਤੰਦਰੁਸਤੀ

ਤੰਦਰੁਸਤੀ ਇਕ ਅਮੁਲੀ ਦਾਤ ਹੈ।
ਰੋਗ ਤਾਂ ਬੰਦੇ ਲਈ ਅਫ਼ਾਤ ਹੈ।

ਰੋਗ ਬਿਨ ਇਨਸਾਨ ਕੋਈ ਹੈ ਨਹੀਂ,
ਰਹਿਤ ਰੋਗੋਂ ਇਕ ਖ਼ੁਦਾ ਦੀ ਜ਼ਾਤ ਹੈ।

ਸਿਹਤ ਸਾਡੀ ਵਿਗੜਦੀ ਪਰਹੇਜ਼ ਬਿਨ,
ਵਿਗੜ ਜਾਵੇ ਫਿਰ ਨਾ ਬਣਦੀ ਬਾਤ ਹੈ।

ਮਨਾਂ ਮੂਹੀਂ ਖਾ ਰਹੇ ਹਾਂ ਗੋਲੀਆਂ,
ਆਦਤਾਂ ਨਹੀਂ ਬਦਲਦੇ ਤਾਂ ਹੀ ਮਾਤ ਹੈ।

ਜੀਭ ਨੂੰ ਰੱਖਦੇ ਅਸੀਂ ਕਾਬੂ ਨਹੀਂ,
ਇਸ ਦੇ ਕਾਰਨ ਰੋਗਾਂ ਦੀ ਬਹੁਤਾਤ ਹੈ।

ਜੀਣ ਲਈ ਖਾਈਏ ਨਾ ਜੀਵੋ ਖਾਣ ਲਈ,
ਯਾਦ ਜੇ ਰੱਖੀਏ ਤਾਂ ਸਦ ਪਰਭਾਤ ਹੈ।

ਇਹ ਦਲਿਦਰ ਅਸਲੋਂ ਹੀ ਇਕ ਰੋਗ ਹੈ,
ਉੱਦਮ ਐ 'ਅਮਰੀਕ ਸਿੰਘ' ਸੌਗਾਤ ਹੈ।

ਭਾਸ਼ਨਾਂ ਦਾ ਉਹ ਵਿਛਾਂਦੇ ਜਾਲ ਨੇ,
ਬਚਨ ਕੋਈ ਵੀ ਨਾ ਸਕਦੇ ਪਾਲ ਨੇ।

ਇਤਨਾਂ ਕੁਝ ਹੁੰਦਿਆਂ ਵੀ ਦੁਨੀਆ ਖੜ੍ਹੀ ਏ,
ਕਾਂਗ ਬੇਈਮਾਨੀਆਂ ਦੀ ਚੜ੍ਹੀ ਏ।

ਜੈਸਾ ਰਾਜਾ ਤੈਸੀ ਰੱਯਤ ਹੋ ਗਈ,
ਤਾਂ ਹੀ ਬਦਨੀਅਤ ਹੈ ਸਭ ਦੀ ਹੋ ਗਈ।

ਕੁਝ ਭਲੇ ਇਨਸਾਨ ਹਾਲੇ ਜੀ ਰਹੇ,
ਛੱਡ ਮਨੁੱਖਤਾ ਦੀ ਨਹੀਂ ਉਹ ਜੀ ਰਹੇ।



Sri Satguru Jagjit Singh Ji eLibrary NamdhariElibrary@gmail.com

## ਖੁਦਗ਼ਰਜ਼ ਹੋਇਆ

ਖੁਦਗ਼ਰਜ਼ ਹੋਇਆ ਬੜਾ ਇਨਸਾਨ ਹੈ,
ਇਨਸਾਨੀਅਤ ਦੀ ਭੁੱਲ ਗਈ ਪਹਿਚਾਨ ਹੈ।

ਉੱਡ ਰਿਹਾ ਏ ਧਰਮ ਗ਼ਰਜ਼ਾਂ ਵਾਸਤੇ,
ਛੱਡ ਰਹੇ ਸ਼ੁਭ ਕਰਮ ਗ਼ਰਜ਼ਾਂ ਵਾਸਤੇ।

ਹਰ ਤਰਫ਼ ਠੱਗੀਆਂ ਦੀ ਲੱਗੀ ਦੌੜ ਹੈ,
ਲੱਗ ਗਈ ਹਮਦਰਦੀਆਂ ਦੀ ਔੜ ਹੈ।

ਹਰ ਕੋਈ ਦੂਜੇ ਨੂੰ ਲੁੱਟਣਾ ਚਾਹ ਰਿਹਾ,
ਮਾਰ ਕੇ ਅਗਲੇ ਨੂੰ ਸੁੱਟਣਾ ਚਾਹ ਰਿਹਾ।

ਆਦਮੀ ਹਰ ਇਕ ਦੁਵੱਲੀ ਗੱਲ ਕਰੇ,
ਜਦ ਕਰੇ ਬਿਲਕੁਲ ਅਵੱਲੀ ਗੱਲ ਕਰੇ।

ਪਿਆਰ ਦੀ ਵੀ ਸੌਦੇ-ਬਾਜ਼ੀ ਹੋ ਰਹੀ,
ਜਿਸ ਤਰਾਂ ਪਾਸ਼ੇ ਦੀ ਬਾਜ਼ੀ ਹੋ ਰਹੀ।

ਕਿਸੇ 'ਤੇ ਇਤਬਾਰ ਕਰਨਾ ਭੁੱਲ ਗਏ,
ਧੋਖੇਬਾਜ਼ੀ ਦੇ ਨੇ ਖਾਤੇ ਖੁੱਲ੍ਹ ਗਏ।

ਅੱਜ ਦੇ ਨੇਤਾ ਵੀ ਬੜੇ ਚਾਲਾਕ ਨੇ,
ਅੰਦਰੋਂ ਸਾਰੇ ਬੜੇ ਨਾਪਾਕ ਨੇ।

ਘਰੀਂ ਜਾ ਹੱਥ ਜੋੜ ਵੋਟਾਂ ਮੰਗਦੇ,
ਫੇਰ ਗੱਲ ਕਰਨੋਂ ਵੀ ਅਸਲੋਂ ਸੰਗਦੇ।

ਸਬਜ਼ਬਾਗਾਂ ਦੀ ਵਿਖਾਂਦੇ ਝਲਕਨੇ,
ਮੁਕਰਦੇ ਹੋਏ ਨਾ ਲਾਂਦੇ ਪਲਕਨੇ।

'ਅਮਰੀਕ' ਉਠ ਕੇ ਉਹਨਾਂ ਦੀ ਤੂੰ ਭਾਲ ਕਰ,
ਸਾਰੇ ਸਰਬੰਧ ਉਹਨਾਂ ਦੇ ਤੂੰ ਮਾਨ ਨਾਲ ਕਰ।



Sri Satguru Jagjit Singh Ji eLibrary NamdhariElibrary@gmail.com

# ਕੌਣ ਹੈ ਜੋ ਸੁਖੀ ਹੈ

ਕੌਣ ਹੈ ਹਰ ਪੱਖੋਂ ਜਿਹੜਾ ਹੈ ਸੁਖੀ।
ਇੱਕ ਨਾ ਇੱਕ ਪੱਖੋਂ ਉਹ ਵੀ ਦੁਖੀ।

ਦੁਖੀ ਹੈ ਕੋਈ ਕਿ ਪੁੱਤਰ ਹੈ ਨਹੀਂ,
ਕੋਈ ਔਖੈ ਪੁੱਤਰ ਮੰਨਦਾ ਭੈ ਨਹੀਂ।

ਦੁਖੀ ਹੈ ਕੋਈ ਕਿ ਧਨ ਜੁੜਦਾ ਨਹੀਂ,
ਕਿਸੇ ਨੂੰ ਦੁੱਖ ਹੈ ਕਿ ਇਹ ਸੰਭਦਾ ਨਹੀਂ।

ਦੁਖੀ ਹੈ ਕੋਈ ਕਿ ਮਿੱਤਰ ਛੱਡ ਗਏ,
ਕੋਈ ਕਹਿੰਦੈ ਮਿੱਤਰ ਪਾਸਾ ਵੱਢ ਗਏ,

ਰੋ ਰਿਹੈ ਕੋਈ ਕਿ ਰੋਗਾਂ ਮਾਰਿਆ,
ਤੰਗਦਸਤੀ ਤੋਂ ਕੋਈ ਹੈ ਹਾਰਿਆ।

ਬਹੁਤਾ ਖਾ ਕੋਈ ਬੜਾ ਹੀ ਤੰਗ ਹੈ,
ਕਿਸੇ ਦੇ ਘਰ ਭੁੱਖ ਦੀ ਭੁੱਜਦੀ ਭੰਗ ਹੈ।

ਸੁਖੀ ਹੈ ਜਿਸ ਨੇ ਸਬਰ ਹੈ ਕਰ ਲਿਆ,
ਵਕਤ ਨੂੰ 'ਅਮਰੀਕ' ਵਾਂਗੂ ਜਰ ਲਿਆ।
***



Sri Satguru Jagjit Singh Ji eLibrary NamdhariElibrary@gmail.com

## ਬੰਦੇ ਦੀ ਪਛਾਣ

ਬੰਦੇ ਦੀ ਪਛਾਣ ਹੁੰਦੀ ਉਹਦੇ ਕਿਰਦਾਰ ਤੋਂ।
ਨਾ ਹੀ ਸੋਹਣੀ ਸ਼ਕਲੋਂ ਨਾ ਸੋਹਣੇ ਸ਼ਿੰਗਾਰ ਤੋਂ।

ਚੰਗਾ ਕੰਮ ਕਰੇਗਾ ਤਾਂ ਚੰਗਾ ਅਖਵਾਏਗਾ,
ਨਹੀ ਤੇ ਉਹ ਸਮਾਜ ਵਿੱਚ ਭੰਡਿਆ ਹੀ ਜਾਏਗਾ।

ਉੱਚੀ ਜ਼ਾਤ ਹੁੰਦਿਆਂ ਆਚਰਨ ਜੇ ਚੰਗੇਰਾ ਨਹੀਂ,
ਉੱਚਾ ਲੰਮਾ ਬੜੇ ਪਰ ਅਕਲੋਂ ਉਚੇਰਾ ਨਹੀਂ।

ਉੱਚੀ ਜਗ੍ਹਾ ਬਹਿਦੈਂ ਪਰ ਸੋਚ ਬੜੀ ਨੀਵੀਂ ਏ,
ਕਾਂ ਉੱਚਾ ਬਹਿਦੈ ਪਰ ਸੋਚ ਬੜੀ ਨੀਵੀਂ ਏ।

ਰਾਤ ਸਾਰੀ ਜਾਗਿਆਂ ਨਾ ਬਣੇ ਉੱਚੀ ਸ਼ਾਨ ਏ,
ਸਾਰੀ ਰਾਤ ਜਾਗਦਾ ਹੀ ਰਹੇ ਇਕ ਸੁਆਨ ਏ।

ਅੱਧ ਅਸਮਾਨ ਤਾਈਂ ਵਧਿਆ ਜੋ ਰੁੱਖ ਹੈ,
ਫਲ ਫੁੱਲ ਨਹੀਂ ਦੱਸੋ ਕੀ ਉਹਦਾ ਸੁਖ ਹੈ।

ਪੜ੍ਹ ਪੜ੍ਹ ਪੁਸਤਕਾਂ ਕਹਾਂਦਾ ਵਿਦਵਾਨ ਏ,
ਕੀ ਲਾਭ ਅੰਦਰ ਜੇ ਵੱਸਿਆ ਨਾ ਗਿਆਨ ਏ।

ਤੁਕ ਬੰਦੀ ਕਰੇ ਅਤੇ ਬਣ ਬਹਿੰਦਾ ਕਵੀ ਏ,
ਕਵੀ ਓਥੇ ਪੁੱਜਦਾ, ਨਾ ਪੁੱਜੇ ਜਿੱਥੇ ਰਵੀ ਏ।

ਦੌਲਤਾਂ ਦੇ ਨਾਲ ਭਾਵੇਂ ਭਰਿਆ ਭੰਡਾਰ ਏ,
ਕੀ ਫੈਦਾ ਬੂਹੇ ਆਇਆ ਦਿੱਤਾ ਦੁਰਕਾਰ ਏ।

ਪੂਜਾ ਪਾਠ ਨਿਤਨੇਮ ਕਰਦਾ ਬਥੇਰਾ ਏ,
ਬਾਹਰ ਹੈ ਚਾਨਣ ਤੇ ਅੰਦਰ ਹਨੇਰਾ ਏ।



Sri Satguru Jagjit Singh Ji eLibrary NamdhariElibrary@gmail.com

ਘਰ ਬੈਠਾ ਸੂਰਮਾ ਹਰੇਕ ਅਖਵਾਂਦਾ ਏ,
ਜੰਗ ਦੇ ਮੈਦਾਨ ਵਿੱਚ ਪਰਖਿਆ ਜਾਂਦਾ ਏ।

'ਅਮਰੀਕ ਸਿੰਘ' ਦੀਆਂ ਗੱਲਾਂ ਪੱਲੇ ਪਾਇਓ ਜੇ,
ਸੱਚੀਆਂ ਨੇ ਸਾਰੀਆਂ ਇਹ ਕਦੇ ਨ ਭੁਲਾਇਓ ਜੇ।

***



Sri Satguru Jagjit Singh Ji eLibrary NamdhariElibrary@gmail.com

## ਬੇਚੈਨ ਇਨਸਾਨ ਏ

ਸਾਰੇ ਸੁਖ ਹੁੰਦਿਆਂ ਬੇ-ਚੈਨ ਇਨਸਾਨ ਏ।
ਹਰ ਇਕ ਚਿਹਰੇ ਤੇ ਬੇ-ਚੈਨੀ ਦਾ ਨਿਸ਼ਾਨ ਏ।

ਜਿਸ ਨੂੰ ਵੀ ਮਿਲੋ ਉਹ ਹਾਲਾਤ ਹੱਥੋਂ ਔਖਾ ਏ,
ਫਿਰਿਆਂ ਬਥੇਰਾ ਕੋਈ ਦਿਸਿਆ ਨਾ ਸੌਖਾ ਏ।

ਕੋਈ ਕਹੇ ਜਾਇਦਾਦ ਹੈਗੀ ਪਰ ਥੋੜ੍ਹੀ ਏ,
ਕਿਸੇ ਕੋਲ ਬਹੁਤੀ ਹੋਰ ਆਉਂਦੀ ਨਹੀ ਮੋੜੀ ਏ।

ਬੇ-ਚੈਨ ਰਹਿਣਾ ਸਾਡੀ ਆਦਤ ਪੁਰਾਣੀ ਏ,
ਨਹੀ ਇਨਸਾਨਾਂ ਪਾਸੋਂ ਛੱਡੀ ਕਦੇ ਜਾਣੀ ਏ।

ਸੰਤੁਸ਼ਟੀ ਹੋ ਗਈ ਜੇ ਸਾਰੇ ਇਨਸਾਨਾਂ ਦੀ,
ਰੁਕ ਜਾਣੀ ਉੱਨਤੀ ਹੈ ਸਾਰੇ ਹੀ ਜਹਾਨਾਂ ਦੀ।

ਕਿਸੇ ਨੂੰ ਸਰੀਰ ਦਿੱਤਾ ਭਾਵੇ ਬੜਾ ਸੋਹਣਾ ਏ,
ਕਰਦੈ ਜਤਨ ਮੈ ਤਾਂ ਹੋਰ ਸੋਹਣਾ ਹੋਣਾ ਏ।

ਕਹੇ 'ਅਮਰੀਕ ਸਿੰਘ' ਗੱਲ ਜੋ ਸਿਆਣੀ ਏ,
ਬੇਚੈਨੀ ਨੇ ਹੀ ਸਾਰੀ ਉੱਨਤੀ ਕਰਾਣੀ ਏ।
***



Sri Satguru Jagjit Singh Ji eLibrary NamdhariElibrary@gmail.com

## ਨਾ ਕਰੋ ਗੁੱਸਾ

ਨਾ ਕਰੋ ਗੁੱਸਾ ਬੜਾ ਚੰਡਾਲ ਜੇ।
ਕਰ ਦੇਵੇ ਬੰਦੇ ਦਾ ਮੰਦਾ ਹਾਲ ਜੇ।

ਗੁੱਸਾ ਆਇਆਂ ਉੱਡਦੀ ਹਰ ਸੋਚ ਹੈ,
ਉਲਟੀ ਹੋ ਜਾਂਦੀ ਅਕਲ ਦੀ ਚਾਲ ਜੇ।

ਮੂੰਹ 'ਚੋਂ ਗੱਲਾਂ ਐਸੀਆਂ ਹੋ ਜਾਂਦੀਆਂ,
ਰਹਿ ਨਾ ਜਾਂਦੀ ਸੁਰ ਕੋਈ ਤਾਲ ਜੇ।

ਚੰਗੇ ਭਲੇ ਬੈਠੇ ਗੱਲਾਂ ਕਰਦਿਆਂ,
ਉਲਝਦੇ ਇਕ ਦੂਸਰੇ ਦੇ ਨਾਲ ਜੇ।

ਸੱਕੇ ਭਾਈ ਗੁੱਸਾ ਆਇਆਂ ਲੜ ਮਰਨ,
ਕੱਢਦੇ ਮੂਹੋਂ ਬਹੁਤ ਗੰਦੀ ਗਾਲ ਜੇ।

ਘਿਓ ਦੇ ਪੀਪੇ ਡੁੱਲ੍ਹ ਜਾਂਦੇ ਝਗੜਿਆਂ,
ਹੌਸਲਾ ਕਰ ਸਕਦੇ ਨਾ ਸੰਭਾਲ ਜੇ।

ਦੰਦਾਂ ਥੱਲੇ ਜੀਭ ਲੈ 'ਅਮਰੀਕ ਸਿੰਘ',
ਇਸ ਤਰ੍ਹਾਂ ਗੁੱਸੇ ਨੂੰ ਚਾਹੁਣੈ ਟਾਲ ਜੇ।

ਪੀ ਲਵੋ ਪਾਣੀ ਜਾਂ ਪਾਸਾ ਵੱਟ ਲਵੋ,
ਗੁੱਸੇ ਅੱਗੇ ਗੱਲ ਰਹੀ ਨਾ ਦਾਲ ਜੇ।
***



Sri Satguru Jagjit Singh Ji eLibrary NamdhariElibrary@gmail.com

## ਵਹਿਮ ਦਾ ਦਾਰੂ

ਵਹਿਮ ਦਾ ਦਾਰੂ ਕੋਈ ਵੀ ਹੈ ਨਹੀਂ,
ਏਸ ਦੀ ਕੋਈ ਵੀ ਸੀਮਾ ਤੇ ਨਹੀਂ।

ਮਾਇਆ ਜੋੜਨ ਦਾ ਕਿਸੇ ਨੂੰ ਵਹਿਮ ਹੈ,
ਦੂਸਰੇ ਲਈ ਮਾਇਆ ਕੋਈ ਸ਼ੈ ਨਹੀਂ।

ਕਿਸੇ ਨੇ ਪੜ੍ਹ ਪੜ੍ਹ ਮੁਕਾਈਆਂ ਪੁਸਤਕਾਂ,
ਪੜ੍ਹਣ ਦਾ ਪਰ ਵਹਿਮ ਸਕਿਆ ਲਹਿ ਨਹੀਂ।

ਇਕਨਾਂ ਨੂੰ ਹੈ ਵਹਿਮ ਲਿਖਦੇ ਜਾਣਦਾ,
ਨਜ਼ਰਬੰਦ ਹੋ ਜਾਣ ਦਾ ਵੀ ਭੈ ਨਹੀਂ।

ਨਸ਼ੇ ਦਾ ਹੈ ਰੋਗ ਲੱਗਾ ਵਹਿਮ ਬਣ,
ਫੂਕਿਆ ਘਰ ਬਾਰ ਛੱਡੀ 'ਮੈਂ' ਨਹੀਂ।

ਵਹਿਮ ਨਾ ਕਈਆਂ ਨੂੰ ਐਸਾ ਤਾਰਿਆ,
ਨਾਂ ਉਹਨਾਂ ਦਾ ਰਹਿਣਾ, ਸਕਣਾ ਢਹਿ ਨਹੀਂ।

ਚੰਗੇ ਕੰਮੀ ਲੱਗ ਜਾ 'ਅਮਰੀਕ ਸਿੰਘ',
ਏਸ ਵਧੀਆ ਵਹਿਮੋਂ ਜਾਵੀਂ ਰਹਿ ਨਹੀਂ।

***



Sri Satguru Jagjit Singh Ji eLibrary NamdhariElibrary@gmail.com

## ਮੰਗ ਰਹੇ ਹੋ ਕਿਉਂ ਕਿਸੇ ਤੋਂ

ਮੰਗ ਰਹੇ ਹੋ ਕਿਉਂ ਕਿਸੇ ਤੋਂ ਉਸ ਤੋਂ ਸਿੱਧਾ ਮੰਗ ਲਵੋ।
ਉਹ ਹੈ ਦਾਤਾ ਉਸ ਦੇ ਰੰਗ 'ਚ ਆਪਣਾ ਆਪੇ ਰੰਗ ਲਵੋ।

ਜੋ ਹੈ ਮੰਗਤਾ ਆਪ ਤੁਹਾਨੂੰ ਦੱਸੋ ਕੀ ਦੇ ਪਾਏਗਾ,
ਕੁਝ ਦਿੱਤਾ ਤਾਂ ਭਲਕੇ ਉਠਕੇ ਲੱਖ ਹਸਾਨ ਜਤਾਏਗਾ।

ਜਤਨ ਕਰੋ ਕਿ ਜੀਵਨ ਦੇ ਵਿਚ ਮੰਗਣਾ ਹੀ ਨਾ ਪੈ ਜੈ,
ਦਸਾਂ ਨਹੁੰਆਂ ਦੀ ਕਿਰਤ ਕਰੋ ਜੋ ਪਾਰ ਤੁਹਾਨੂੰ ਲੈ ਜੈ।

ਅਪਣੇ ਦੋ ਹੱਥਾਂ ਤੋਂ ਮੰਗੋ ਜੋ ਸਭ ਕੁਝ ਕਰ ਸਕਦੇ,
ਪੂਰੀ ਕਰ ਸਕਦੇ ਹਰ ਮੰਗ ਨੂੰ ਹਰ ਭਾਂਡੇ ਭਰ ਸਕਦੇ।

ਰੱਬ ਉਹਨਾਂ ਦੀ ਕਰੇ ਸਹਾਇਤਾ ਜੋ ਰੱਜ ਮਿਹਨਤ ਕਰਦੇ,
ਕੀ ਉਹਨਾਂ ਨੇ ਸਫਲ ਹੋਣਾ ਏ ਜੋ ਸੰਘਰਸ਼ੋ ਡਰਦੇ।

ਮੰਗਣ ਗਿਆ ਸੋ ਮਰਿਆ ਸਮਝੋ ਕਹਿੰਦੇ ਲੋਕ ਸਿਆਣੇ,
ਆਤਮ ਨਿਰਭਰ ਜੀਵਨ ਜਿਸਦਾ ਉਸ ਦੀ ਉੱਚੀ ਸ਼ਾਨੇ।

ਤੂੰ ਵੀ ਤਾਂ 'ਅਮਰੀਕ ਸਿੰਘ' ਪਿਆ ਕਰਨੈ ਨਿਰੀਆਂ ਗੱਲਾਂ,
ਸਾਰੀ ਉਮਰਾ ਰਿਹੈਂ ਮਾਰਦਾ ਗੱਪਾਂ ਤੇ ਟਰਪੱਲਾਂ।
***



Sri Satguru Jagjit Singh Ji eLibrary NamdhariElibrary@gmail.com

## ਜ਼ਿੰਦਗੀ

ਜ਼ਿੰਦਗੀ ਕਹਿੰਦੇ ਨੇ ਐਸਾ ਖੇਲ ਹੈ।
ਵਿਛੜਿਆਂ ਦਾ ਹੁੰਦਾ ਜਿਸ ਵਿੱਚ ਮੇਲ ਹੈ।

ਜਨਮਾਂ ਜਨਮਾਂ ਦੇ ਵਿਛੋੜੇ ਮੁੱਕਦੇ,
ਨੀਰ ਬਿਰਹਾ ਦੇ ਨੇ ਵਹਿੰਦੇ ਸੁੱਕਦੇ।

ਉਮਰ ਭਰ ਮਿਲ ਕੇ ਨੇ ਮੌਜਾਂ ਮਾਣਦੇ,
ਕਿਤ ਜਾਂਦੈ ਕਿਤੋਂ ਆਏ ਇਹ ਨਹੀਂ ਜਾਣਦੇ।

ਭੋਗ ਉਮਰਾ ਫੇਰ ਵਿੱਛੜ ਜਾਣਗੇ,
ਪਤਾ ਨਹੀਂ ਉਹ ਫੇਰ ਕਦ ਮਿਲ ਪਾਣਗੇ।

ਵਿਛੜਣਾ ਮਿਲਣਾ ਤਾਂ ਇਕ ਸੰਯੋਗ ਹੈ,
ਜੁਗਾਂ ਤੋਂ ਬੰਦਾ ਰਿਹਾ ਇਹ ਭੋਗ ਹੈ।

ਦੋ ਰੂਹਾਂ ਦਾ ਮਿਲਣਾ ਹੈ ਜੰਨਤ ਜਿਹਾ,
ਚਿਰਾਂ ਦੀ ਮੰਗੀ ਹੋਈ ਮੰਨਤ ਜਿਹਾ।

ਵਿਛੜਣਾ ਹੈ ਬਦਦੁਆ 'ਅਮਰੀਕ ਸਿੰਘ',
ਮਿਲਣਾ ਹੀ ਹੈ ਇੱਕ ਦੁਆ 'ਅਮਰੀਕ ਸਿੰਘ'।
***



Sri Satguru Jagjit Singh Ji eLibrary NamdhariElibrary@gmail.com

## ਜ਼ਖ਼ਮ ਭਰ ਜਾਂਦੇ ਨੇ

ਜ਼ਖ਼ਮ ਭਰ ਜਾਂਦੇ ਨੇ ਹਰ ਹਥਿਆਰ ਦੇ।
ਫੱਟ ਨਾ ਮਿਟਦੇ ਜੀਭ ਦੀ ਤਲਵਾਰ ਦੇ।

ਇਹ ਜ਼ੁਬਾਂ ਜਦ ਵੀ ਹੈ ਭੈੜਾ ਬੋਲਦੀ,
ਦਿਲਾਂ ਦੇ ਪੰਨੇ ਤਰੋਪੇ ਖੋਲ੍ਹਦੀ,
ਇਹ ਹੈ ਵਾਂਗੂ ਊਠ ਬੇਮੁਹਾਰ ਦੇ।

ਦੁਨੀਆਂ ਵਿਚ ਜਿਤਨੇ ਪੁਆੜੇ ਪੈ ਰਹੇ,
ਦਿਲਾਂ ਵਿਚ ਜੋ ਵੀ ਨੇ ਸਾੜੇ ਪੈ ਰਹੇ,
ਸਭ ਨਤੀਜੇ ਜੀਭ ਦੀ ਤਕਰਾਰ ਦੇ।

ਪਰ ਜਿਨ੍ਹਾਂ ਦੀ ਜੀਭ ਮਿੱਠਾ ਬੋਲਦੀ,
ਜ਼ਹਿਰ ਵਿੱਚ ਵੀ ਮਿਠਾਸ ਹੈ ਘੋਲਦੀ,
ਉਸ ਜ਼ੁਬਾਂ 'ਤੇ ਲੋਕ ਜਾਨਾਂ ਵਾਰਦੇ।

ਮਰਦ ਜੋ ਕਰਦੇ ਜ਼ਬਾਨਾਂ ਪੱਕੀਆਂ,
ਹਨ ਅਟੱਲ ਉਹ ਟਲ ਕਦੇ ਨਾ ਸੱਕੀਆਂ,
ਬੋਲ ਮਰਦਾਂ ਦੇ ਨੇ ਡੁੱਬੇ ਤਾਰਦੇ।

ਇਸ ਜ਼ੁਬਾਂ ਦੇ ਨਾਲ ਵਹਿਦੇ ਕਰੀਦੇ,
ਵਹਿਦੇ ਪਾਲਣ ਲਈ ਤਸੀਹੇ ਜਰੀਦੇ,
ਕਰ ਜ਼ੁਬਾਨਾਂ ਕਦੇ ਵੀ ਨਹੀਂ ਹਾਰਦੇ।

ਸੋਚੀ ਸਮਝ ਗੱਲ ਕਰੀਂ 'ਅਮਰੀਕ ਸਿੰਘ',
ਕਰ ਲਵੀਂ ਫਿਰ ਨਾ ਹਰੀਂ 'ਅਮਰੀਕ ਸਿੰਘ',
ਰਹਿਣ ਦੇ ਜੀਂਦਾ ਜਾਂ ਕੋਈ ਮਾਰਦੇ।
***



Sri Satguru Jagjit Singh Ji eLibrary NamdhariElibrary@gmail.com

## ਵਿਸ਼ਵ ਜੇਤੂ ਹੈ

ਵਿਸ਼ਵ ਜੇਤੂ ਹੈ ਸਿਪਾਹ ਸਾਲਾਰ ਹੈ।
ਉਸ ਵੀ ਏਥੋਂ ਜਾਣਾ ਆਖਰਕਾਰ ਹੈ।

ਕਿਸੇ ਦਾ ਪੱਕਾ ਟਿਕਾਣਾ ਇਹ ਨਹੀਂ,
ਜਨਮਿਆ ਜੋ ਵੀ ਉਹ ਚੱਲਣਹਾਰ ਹੈ।

ਕੋਠੀਆਂ ਰੀਝਾਂ ਦੇ ਸੰਗ ਸਨ ਉਸਰੀਆਂ,
ਛੱਡ ਗਿਆ ਸਭ ਕੁਝ ਹੋ ਅਤਿ ਲਾਚਾਰ ਹੈ।

ਮਾਰ ਠੱਗੀਆਂ ਮਾਇਆ ਬਹੁਤੀ ਜੋੜ ਲਈ,
ਖਾਲੀ ਹੱਥ ਹੀ ਤੁਰ ਗਿਆ ਸਰਦਾਰ ਹੈ।

ਪੁੱਤਰ ਧੀਆਂ ਸਾਕ ਅੰਗ ਸਭ ਕਹਿ ਰਹੇ,
ਕਰੋ ਛੇਤੀ ਅਰਥੀ ਤਾਂ ਤਈਆਰ ਹੈ।

ਲਾਂਬੂ ਲਾ ਕੇ ਘਰ ਕਬੀਲਾ ਆ ਗਿਆ,
ਕਿਸੇ ਨਾ ਲੀਤੀ ਪਰਤ ਕੇ ਸਾਰ ਹੈ।

ਬਹਿ ਕੇ ਸਫ਼ 'ਤੇ ਆਪਣੇ ਫੋਲਣ ਫੋਲਣੇ,
ਗੱਲਾਂ ਦੀ ਫਿਰ ਹੋ ਰਹੀ ਭਰਮਾਰ ਹੈ।

ਕਰ ਗਿਆ ਜੋ ਚੰਗਾ ਕੰਮ 'ਅਮਰੀਕ ਸਿੰਘ',
ਹੋ ਰਿਹਾ ਉਸ ਦਾ ਨਹੀਂ ਇਜ਼ਹਾਰ ਹੈ।
***



Sri Satguru Jagjit Singh Ji eLibrary NamdhariElibrary@gmail.com

## ਖ਼ੁਸ਼ ਰਹਿਣਾ ਖ਼ੁਸ਼ ਰੱਖਣਾ

ਖ਼ੁਸ਼ ਰਹਿਣਾ ਖ਼ੁਸ਼ ਰੱਖਣਾ ਗੱਲਾਂ ਚੰਗੀਆਂ ਨੇ।
ਰੱਬ ਕੋਲੋਂ ਅਸਾਂ ਇਹ ਦਾਤਾਂ ਹੀ ਮੰਗੀਆਂ ਨੇ।

ਖ਼ੁਸ਼ ਨਾ ਰਹੇ ਤਾਂ ਕਿਸੇ ਦਾ ਕੀ ਵਿਗਾੜਾਂਗੇ,
ਆਪਣੇ ਆਪ ਨੂੰ ਦਿੱਤੀਆਂ ਐਵੇਂ ਤੰਗੀਆਂ ਨੇ।

ਧੰਨ ਉਹ ਲੋਕ ਨੇ ਸਦਾ ਜੋ ਠੰਢੇ ਰਹਿੰਦੇ ਨੇ,
ਤੱਤੀਆਂ ਪੌਣਾਂ ਕੋਲੋਂ ਕਦੇ ਨਾ ਲੰਘੀਆਂ ਨੇ।

ਕਪਟ ਕਰੋਧ ਨਾ ਮਨ ਵਿੱਚ ਕਦੇ ਵੀ ਵੱਸਿਆਏ,
ਉਹ ਰੂਹਾਂ ਤਾਂ ਰੱਬੀ ਰੰਗ ਵਿੱਚ ਰੰਗੀਆਂ ਨੇ।

ਕਿਸੇ ਲਈ ਨਾ ਖੋਟ ਮਨਾਂ ਵਿੱਚ ਰੱਖਿਆ ਏ,
ਸਭ ਦੇ ਲਈ ਹੀ ਖ਼ੁਸ਼ੀਆਂ ਉਹਨਾਂ ਨੇ ਮੰਗੀਆਂ ਨੇ।

ਕਿਸੇ ਦੇ ਨੁਕਸਾਂ ਵੱਲ ਕਦੇ ਨਾ ਤਕਦੇ ਨੇ,
ਗਲਤੀਆਂ ਆਪਣੀਆਂ ਹੀ ਕਰੀਆਂ ਨੰਗੀਆਂ ਨੇ।

ਉੱਠ 'ਅਮਰੀਕ' ਤੂੰ ਪੂਜ ਅਜੇਹੇ ਲੋਕਾਂ ਨੂੰ,
ਮੰਦੀਆਂ ਸੋਚਾਂ ਜਿੰਨ੍ਹਾਂ ਕੋਲ ਨਾ ਖੰਘੀਆਂ ਨੇ।
***



Sri Satguru Jagjit Singh Ji eLibrary NamdhariElibrary@gmail.com

## ਪੜ੍ਹ ਪੜ੍ਹ ਕੇ ਗੁਰਬਾਣੀ

ਪੜ੍ਹ ਪੜ੍ਹ ਕੇ ਗੁਰਬਾਣੀ ਫਾਵੇ ਹੋਏ ਹਾਂ।
ਪਰ ਅੰਦਰੋਂ ਨਾ ਹਰੇ ਜਾਂ ਸਾਵੇ ਹੋਏ ਹਾਂ।

ਜੋ ਦਸਦੀ ਗੁਰਬਾਣੀ ਜੀਵਨ ਜਾਚਾਂ ਨੇ,
ਅਸੀਂ ਏਸ ਦੇ ਨਿਰੇ ਵਿਖਾਵੇ ਹੋਏ ਹਾਂ।

ਅਮਲ ਇਕ ਵੀ ਤੁਕ ਤੇ ਜੇਕਰ ਹੋ ਜਾਵੇ,
ਸਮਝੋ ਕਿ ਅਸੀਂ ਅਸਲ ਸੁਹਾਵੇ ਹੋਏ ਹਾਂ।

ਕਹਿੰਦੀ ਏ ਗੁਰਬਾਣੀ ਮਨ ਨੂੰ ਸ਼ਾਂਤ ਕਰੋ,
ਅਸੀਂ ਅੱਗ ਦੇ ਤੱਤੇ ਆਵੇ ਹੋਏ ਹਾਂ।

ਇਕ ਇਕ ਅੱਖਰ ਕਹਿੰਦਾ ਏ ਇਨਸਾਨ ਬਣੋ,
ਪਸ਼ੂਆਂ ਵਾਂਗੂ ਭਰਮ ਭੁਲਾਵੇ ਹੋਏ ਹਾਂ।

ਕਿਸ ਨੂੰ ਨਿੰਦੀਏ ਕੌਣ ਸਲਾਹਨ ਜੋਗਾ ਏ,
ਵਾਂਗ ਭੁਕਾਨੇ ਸਭੀ ਫੁਲਾਵੇ ਹੋਏ ਹਾਂ।

ਚਾਨਣ ਦਾ ਵਡ ਸੋਮਾਂ ਇਹ ਗੁਰਬਾਣੀ ਏ,
ਵਿੱਚ ਨੇਰ੍ਹੇ ਕਿਉਂ ਅੰਨ੍ਹੇ ਬਾਵੇ ਹੋਏ ਹਾਂ।

ਚੱਲ ਕੇ ਅੱਜ 'ਅਮਰੀਕ' ਨੂੰ ਵੀ ਸਮਝਾਣਾ ਏ,
ਧਰਤੀ 'ਤੇ ਕਿਉਂ ਤੱਤੇ ਲਾਵੇ ਹੋਏ ਹਾਂ।
***



Sri Satguru Jagjit Singh Ji eLibrary NamdhariElibrary@gmail.com

# ਪਿਛਲੇ ਕਰਮਾਂ ਦੀ ਗੱਲ

ਪਿਛਲੇ ਕਰਮਾਂ ਦੀ ਗੱਲ ਕਾਹਨੂੰ ਕਰਦੇ ਹਾਂ।
ਹੁਣ ਦੇ ਕਰਮਾਂ ਉੱਤੇ ਧਿਆਨ ਨਾ ਧਰਦੇ ਹਾਂ।

ਜਨਮ ਇਹ ਪਿਛਲੇ ਕਰਮਾਂ ਕਰਕੇ ਪਾਇਆ ਸੀ,
ਹੁਣ ਸ਼ੁਭ-ਕਰਮ ਕਰਨ ਤੋਂ ਕਾਹਨੂੰ ਡਰਦੇ ਹਾਂ।

ਮੱਤਾਂ ਦੇਣ ਸਿਆਣੇ ਇਕ ਨਾ ਲੱਗਦੀ ਏ,
ਪੁੱਠੀਆਂ ਕਰ ਕਰ ਗੱਲਾਂ ਹੌਂਕੇ ਭਰਦੇ ਹਾਂ।

ਮੰਦੀਆਂ ਸੋਚਾਂ ਨੇ ਐਸਾ ਉਲਝਾਇਆ ਏ,
ਪਾਂਦੇ ਉਹਨਾਂ ਉਤੇ ਹਮੇਸ਼ਾ ਪਰਦੇ ਹਾਂ।

ਉੱਤੋਂ ਉੱਤੋਂ ਸਾਡਾ ਪਿਆਰ ਵਿਖਾਵਾ ਏ,
ਅੰਦਰੋਂ ਨਫ਼ਰਤ ਦਾ ਸਾਗਰ ਨਾ ਤਰਦੇ ਹਾਂ।

ਖੁਸ਼ ਹੁੰਦੇ ਹਾਂ ਨਿੰਦੀਆ ਕਰਕੇ ਅਗਲੇ ਦੀ,
ਸੁਣ ਆਪਣੀਆਂ ਸਿਫ਼ਤਾਂ ਬੜਾ ਬਿਫਰਦੇ ਹਾਂ।

ਅਗਲਾ ਜਨਮ ਜੇ ਮਿਲਿਆ ਤਾਂ ਕੀ ਦੱਸਾਂਗੇ,
ਕਿਉਂ ਨਹੀਂ ਮੰਦ ਕਰਮਾਂ ਤੋਂ ਅਸੀਂ ਉਭਰਦੇ ਹਾਂ।

ਗੱਲਾਂ ਵਿਚ 'ਅਮਰੀਕ' ਨਾ ਵਾਰੇ ਆਉਣ ਦਵੇ,
ਮੰਦੇ ਕੰਮੋਂ ਮੁੜ ਜਾ ਬਾਹੋਂ ਫੜ੍ਹਦੇ ਹਾਂ।
***



Sri Satguru Jagjit Singh Ji eLibrary NamdhariElibrary@gmail.com

## ਦੀਪਕ ਹੈ ਲੋਆਂ ਦੇ ਰਿਹਾ

ਆਪ ਸੜ ਦੀਪਕ ਹੈ ਲੋਆਂ ਦੇ ਰਿਹਾ।
ਨ੍ਹੇਰ ਮਿਟ ਜਾਏ ਹੈ ਸੋਆਂ ਦੇ ਰਿਹਾ।

ਦੀਵੇ ਦੇ ਚਾਨਣ ਦੀ ਕੋਈ ਹੱਦ ਹੈ,
ਪਰ ਹਨੇਰਾ ਇਸ ਤੋਂ ਨਹੀਂ ਡਰ ਹੈ ਰਿਹਾ।

ਤੇਲ-ਬੱਤੀ ਜਦ ਤੱਕ ਦੀਪਕ ਵਿੱਚ ਹੈ,
ਉਹ ਹਨੇਰੇ ਨੂੰ ਸਮਝਦਾ ਟਿੱਚ ਹੈ।

ਰਾਤ ਮੁੱਕੀ ਲੋਅ ਦਾ ਹੋਣਾ ਰਾਜ ਹੈ,
ਨ੍ਹੇਰੇ ਦੀ ਫਿਰ ਸੁਣਨੀ ਕਿਸ ਨੇ 'ਵਾਜ਼ ਹੈ।

ਤੇਲ ਬੱਤੀ ਦੀਵੇ ਦੀ ਮੁੱਕ ਜਾਏ ਨਾ,
ਸੋਮਾਂ ਚਾਨਣ ਦਾ ਕਿਤੇ ਰੁਕ ਜਾਏ ਨਾ।

ਇਸ ਹਨੇਰੇ ਨੇ ਹੈ ਆਖ਼ਰ ਹਾਰਨਾ,
ਜਿੱਤ ਕੇ ਚਾਨਣ ਜਗਤ ਨੂੰ ਤਾਰਨਾ।

ਝੂਠ ਨਾਹੀਂ ਬੋਲਦਾ 'ਅਮਰੀਕ ਸਿੰਘ',
ਨ੍ਹੇਰੇ ਤੋਂ ਨਹੀਂ ਡੋਲਦਾ 'ਅਮਰੀਕ ਸਿੰਘ'।

***



Sri Satguru Jagjit Singh Ji eLibrary NamdhariElibrary@gmail.com

## ਮੁੱਲ ਆਖ਼ਰ ਮਿਲੇਗਾ

ਜਤਨ ਜੋ ਇਨਸਾਨ ਕਰਦਾ ਰਵ੍ਹੇਗਾ।
ਮਿਹਨਤਾਂ ਦਾ ਮੁੱਲ ਆਖਰ ਪਵੇਗਾ।

ਰੱਬ ਨਹੀਂ ਦੇਵੇਗਾ ਛਪਰ ਫਾੜ ਕੇ,
ਜੋ ਕਰੇ ਸੰਘਰਸ਼ ਉਸ ਨੂੰ ਦਵੇਗਾ।

ਬੈਠ ਕੰਢੇ ਲਹਿਰਾਂ ਜੋ ਗਿਣਦਾ ਰਹੇ,
ਪਾਰ ਨਹੀ ਉਰਵਾਰ ਹੀ ਉਹ ਰਵ੍ਹੇਗਾ।

ਜਾਗਦੇ ਨੂੰ ਸਭ ਸੋਗਾਤਾਂ ਮਿਲਦੀਆਂ,
ਸੁੱਤਾ ਹੀ ਕਿਸਮਤ ਨੂੰ ਝਈਆਂ ਲਵੇਗਾ।

ਦੂਜੇ ਦੀ ਦੌਲਤ 'ਤੇ ਜਿਸਦੀ ਨਜ਼ਰ ਹੈ,
ਉਹ ਗਰੀਬੀ ਹੀ ਹਮੇਸ਼ਾ ਸਹਵੇਗਾ।

ਸਫਲਤਾ ਉਸ ਤੋਂ ਰਹੇਗੀ ਦੂਰ ਹੀ,
ਹੱਥ 'ਤੇ ਹੱਥ ਧਰ ਕੇ ਜਿਹੜਾ ਬਵ੍ਹੇਗਾ।

ਤੂੰ ਵੀ ਉੱਦਮ ਰੱਖ ਜ਼ਰਾ 'ਅਮਰੀਕ ਸਿੰਘ',
ਤੇਰੀ ਝੋਲੀ ਵਿੱਚ ਵੀ ਸਭ ਕੁਝ ਪਵੇਗਾ।
***



Sri Satguru Jagjit Singh Ji eLibrary NamdhariElibrary@gmail.com

## ਦੋਹੇ

ਉਹ ਇਨਸਾਨ ਹੈ ਦੇਵਤੇ ਜੇਹਾ ਹਰੇ ਜੋ ਕਿਸੇ ਦਾ ਦੁੱਖ।
ਆਪਣੇ ਸੁਖ ਤਿਆਗ ਦੇ ਦਵੇ ਕਿਸੇ ਨੂੰ ਸੁਖ।

ਡਿੱਗੇ ਕਿਸੇ ਨੂੰ ਵੇਖ ਕੇ ਨਹੀਂ ਖਲੋਂਦਾ ਪਾਸ,
ਉਹ ਕਾਹਦਾ ਇਨਸਾਨ ਹੈ ਦਵੇ ਨਾ ਜੋ ਧਰਵਾਸ।

ਪਸ਼ੂਆਂ ਜਿਹੈ ਜੋ ਆਪਣਾ ਕੇਵਲ ਭਰਦੈ ਪੇਟ,
ਆਪ ਤਾਂ ਰੱਜਦੈ ਕਿਸੇ ਦੀ ਭੁੱਖ ਨਾ ਸਕਦਾ ਮੇਟ।

ਸਾਰੇ ਰੁੱਖ ਨੇ ਦੇ ਰਹੇ ਇਨਸਾਨਾਂ ਨੂੰ ਮੱਤ,
ਸਹਿ ਕੇ ਧੁੱਪਾਂ ਸਿਰਾਂ ’ਤੇ, ਸਿਰਾਂ ’ਤੇ ਬਣਦੇ ਛੱਤ।

ਬੱਦਲ ਜੇ ਨਾ ਵੱਸਦੇ ਵੱਸਦਾ ਕਿਵੇਂ ਜਹਾਨ,
ਬਿਨ ਬਾਰਸ਼ ਹੋ ਜਾਣਾ ਸੀ ਸਾਰਾ ਜਗਤ ਵੀਰਾਨ।

ਭੁੱਖਾ ਤੁਸਾਂ ਰਹਿ ਜਾਣਾ ਜੇ ਨਾ ਵਾਹਦਾ ਹਲ਼ ਕਿਸਾਨ,
ਕੀ ਖਾਂਦੇ ਇਨਸਾਨ ਸਭ ਅੰਨ ਨਾ ਕਰਦਾ ਦਾਨ।

ਦਰਿਆਵਾਂ ਤੇ ਵੱਡੇ ਵੱਡੇ ਜੇ ਨਾ ਲਗਦੇ ਬੰਨ੍ਹ,
ਬੰਜਰ ਹੁੰਦਾ ਧਰਤ ਸਭ ਕਿਵੇਂ ਉਪਜਦਾ ਅੰਨ।
***



Sri Satguru Jagjit Singh Ji eLibrary NamdhariElibrary@gmail.com

## ਠੀਕ ਨਹੀਂ

ਮਿੱਤਰ ਦੇ ਘਰ ਰੋਜ਼ ਜਾਣਾ ਠੀਕ ਨਹੀਂ।
ਪਿਆਰ ਹੱਦੋਂ ਵੱਧ ਵਧਾਣਾ ਠੀਕ ਨਹੀਂ।

ਦੇਰ ਪਿੱਛੋਂ ਮਿਲਿਆਂ ਆਉਂਦਾ ਸੁਆਦ ਹੈ,
ਰੋਜ਼ ਦਾ ਮਿਲਣਾ ਮਿਲਾਣਾ ਠੀਕ ਨਹੀਂ।

ਪ੍ਰੀਤ ਜਿੱਥੇ ਹੋਵੇ ਕਰੀਏ ਵਿਹਾਰ ਨਾ,
ਕਰ ਲਈਏ ਤਾਂ ਪੱਛੋਤਾਣਾ ਠੀਕ ਨਹੀਂ।

ਮਿੱਤਰ ਨੂੰ ਇਕ ਵਾਰ ਜੇ ਅਜ਼ਮਾ ਲਿਆ,
ਫੇਰ ਉਸਨੂੰ ਆਜ਼ਮਾਣਾ ਠੀਕ ਨਹੀਂ।

ਮਿੱਤਰ ਦੇ ਦੋਸਾਂ ਨੂੰ ਨਾ ਪੜਚੋਲੀਏ,
ਅਪਣੇ ਦੋਸਾਂ ਨੂੰ ਛੁਪਾਣਾ ਠੀਕ ਨਹੀਂ।

ਬਹੁਤ ਨੇੜੇ ਹੋਇਆਂ ਵੱਧਣ ਦੂਰੀਆਂ,
ਬਹੁਤ ਮਿੱਤਰਾਨਾਂ ਵਧਾਣਾ ਠੀਕ ਨਹੀਂ।

ਸੱਚਾ ਪਿਆਰ ਇਕ ਹੀ ਬੜੈ 'ਅਮਰੀਕ ਸਿੰਘ',
ਬਹੁਤਿਆਂ ਦਾ ਗਾੜ੍ਹ ਪਾਣਾ ਠੀਕ ਨਹੀਂ।
***



Sri Satguru Jagjit Singh Ji eLibrary NamdhariElibrary@gmail.com

## ਈਰਖਾ

ਈਰਖਾ ਇਕ ਬਹੁਤ ਭੈੜੀ ਮਰਜ਼ ਹੈ।
ਏਸ ਤੋਂ ਬਚਣਾ ਅਸਾਡਾ ਫ਼ਰਜ਼ ਹੈ।

ਕਰਕੇ ਮਿਹਨਤ ਜੋ ਅਗਾਂਹ ਹੈ ਵਧ ਰਿਹਾ,
ਕਿਉਂ ਹਾਂ ਸੜਦੇ ਕੀ ਅਸਾਡਾ ਹਰਜ ਹੈ।

ਜਤਨ ਕਰੀਏ ਉਸ ਦੇ ਤੁੱਲ ਹੋ ਜਾਣ ਦਾ,
ਈਰਖਾ ਕਰਦਾ ਏ ਜੋ ਖ਼ੁਦ-ਗ਼ਰਜ਼ ਹੈ।

ਸਕੀਆਂ ਭੈਣਾਂ ਹਨ ਦਵੈਸ਼ ਤੇ ਈਰਖਾ,
ਬੇ-ਸੁਰੀ ਇਹਨਾਂ ਦੀ ਹਰ ਇਕ ਤਰਜ਼ ਹੈ।

ਹਰ ਜਗ੍ਹਾ ਹੀ ਇਹ ਨਿੰਦੀਆਂ ਜਾਂਦੀਆਂ,
ਸਿਫ਼ਤ ਇਹਨਾਂ ਦੀ ਕਿਤੇ ਨਾ ਦਰਜ ਹੈ।

ਦੇਵਤੇ ਨੇ ਦਵੈਸ਼ੋਂ ਰਹਿੰਦੇ ਦੂਰ ਜੋ,
ਵੈਸੇ ਇਹ ਵੀ ਗੱਲ ਬੜੀ ਅਸਚਰਜ ਹੈ।

ਕਿਉਂ ਕਿਸੇ ਨੂੰ ਵੱਧਦਾ ਹੋਇਆ ਵੇਖ ਕੇ,
ਤੇਜ਼ ਹੋ ਜਾਂਦੀ ਕਿਸੇ ਦੀ ਨਬਜ਼।

ਸਾਫ਼ ਦਿਲ ਹੋਵੇ ਹਰਿਕ ਦੇ ਵਾਸਤੇ,
ਕਹਿ ਰਿਹਾ 'ਅਮਰੀਕ ਸਿੰਘ' ਇਕ ਅਰਜ਼ ਹੈ।
***



Sri Satguru Jagjit Singh Ji eLibrary NamdhariElibrary@gmail.com

## ਨਿੰਦਿਆ

ਨਿੰਦਿਆ ਬਿਲਕੁਲ ਕਿਸੇ ਦੀ ਨਾ ਕਰੋ।
ਨਜ਼ਰ ਆਪਣੇ ਔਗੁਣਾ 'ਤੇ ਹੀ ਧਰੋ।

ਦੁਨੀਆ ਵਿੱਚ ਔਗੁਣ ਬਿਨਾਂ ਕੋਈ ਨਹੀਂ,
ਕਿਸ ਤੋਂ ਗਲਤੀ ਕਦੇ ਵੀ ਹੋਈ ਨਹੀਂ।

ਨੁਕਸ ਆਪਣੇ ਹੀ ਜੇ ਅੰਦਰੋਂ ਕੱਢੀਏ,
ਆਦਤਾਂ ਬੁਰੀਆਂ ਨੂੰ ਅਸਲੋਂ ਛੱਡੀਏ।

ਚੰਗਾ ਚੰਗਾ ਸਾਰੇ ਆਪਾਂ ਸੋਚੀਏ,
ਆਪਣੇ ਆਪ ਨੂੰ ਜ਼ਰਾ ਆਲੋਚੀਏ।

ਨਿੰਦਿਆ ਦਾ ਮਾਹੌਲ ਫਿਰ ਨਾ ਬਣੇਗਾ,
ਪਿਆਰ ਦਾ ਤਾਣਾ ਚੁਫੇਰੇ ਤਣੇਗਾ।

ਧਰਤੀ 'ਤੇ ਹੀ ਸਵਰਗ ਐਸਾਂ ਉਸਰਨੈ,
ਜਿਸ ਦੇ ਵਿਚ ਲੋਕਾਂ ਸੁਖਾਲਾ ਵਿਚਰਨੈ।

ਸੰਗ ਲਈਏ ਆਓ 'ਸਿੰਘ ਅਮਰੀਕ' ਨੂੰ,
ਨਿੰਦਿਆ ਚੁਗਲੀ ਦੀ ਛੱਡੀਏ ਲੀਕ ਨੂੰ।
***



Sri Satguru Jagjit Singh Ji eLibrary NamdhariElibrary@gmail.com

## ਆਚਰਣ

ਧਨ ਬੜਾ ਹੈ ਕੋਲ ਵੱਡੀ ਰਾਸ ਹੈ।
ਜੇ ਨਹੀਂ ਆਚਰਣ ਸੱਤਿਆਨਾਸ ਹੈ।

ਕਿਸੇ ਦੇ ਹੱਕ ਤੇ ਜੇ ਰੱਖਦੇ ਨਜ਼ਰ ਹੈ,
ਇਹ ਵੀ ਬਦਚਲਨੀ ਦਾ ਹੀ ਅਹਿਸਾਸ ਹੈ।

ਵੇਖ ਦੂਜੇ ਨੂੰ ਜੇ ਹੁੰਦੇ ਖੁਸ਼ ਨਹੀਂ,
ਇਕ ਚੰਗਾ ਆਚਰਣ ਹੁੰਦਾ ਨਾਸ ਹੈ।

ਉੱਤੋਂ ਦਿਸਦਾ ਸਾਧ ਅੰਦਰੋਂ ਚੋਰ ਹੈ,
ਬਦਚਲਨ ਬੰਦਾ ਉਹ ਸਮਝੋ ਖ਼ਾਸ ਹੈ।

ਭੈੜੀ ਖ਼ਾਹਸ਼ ਨੂੰ ਨਾ ਕਾਬੂ ਰਖ ਸਕੇ,
ਖ਼ਾਹਸ਼ਾ ਦਾ ਉਹ ਬੰਦਾ ਪੂਰਾ ਦਾਸ ਹੈ।

ਬਦ-ਨੀਅਤ ਹੈ ਜੋ ਕਿਸੇ ਵੱਲ ਵੇਖ ਕੇ,
ਉਸ ਤੋਂ ਸਦ-ਆਚਰਣ ਦੀ ਕੀ ਆਸ ਹੈ।

ਆਪਣੇ ਗਲਮੇ ਤੱਕ ਲੈ 'ਅਮਰੀਕ ਸਿੰਘ',
ਨੁਕਤਾਚੀਨੀ ਦਾ ਤੇਰਾ ਅਭਿਆਸ ਹੈ।
***



Sri Satguru Jagjit Singh Ji eLibrary NamdhariElibrary@gmail.com

## ਉਹ ਕਾਹਦੈ ਧਨਵਾਨ

ਉਹ ਕਾਹਦੈ ਧਨਵਾਨ ਗਰੀਬ ਜੋ ਅਸਲੋਂ ਦਿਲ ਦਾ ਏ।
ਕੈਸੈ ਰੁੱਖ ਕਿ ਜਿਸ ਤੋਂ ਕੋਈ ਫਲ ਨਾ ਮਿਲਦਾ ਏ।

ਪੜ੍ਹ ਪੜ੍ਹ ਪੁਸਤਕਾਂ ਕਿਸੇ ਨੇ ਬੜਾ ਦਿਮਾਗ ਖਪਾਇਆ ਏ,
ਅੱਖਰ ਢਾਈ ਪ੍ਰੇਮ ਦੇ ਐਪਰ ਪੜ੍ਹ ਨਾ ਪਾਇਆ ਏ।

ਪੂਜਾ ਪਾਠ ਤਾਂ ਰੋਜ ਸਵੇਰੇ ਉਠ ਕੇ ਕਰਦਾ ਏ,
ਮਿੱਠਾ ਬੋਲਣ ਤੋਂ ਫਿਰ ਕਿਉਂ ਡਰਦਾ ਏ।

ਪੰਜੇ ਵਕਤ ਨਮਾਜ ਪੜ੍ਹੀ ਤੇ ਰੋਜ਼ੇ ਰੱਖੇ ਸਾਰੇ ਨੇ,
ਰੱਬ ਦੇ ਬੰਦਿਆਂ ਨਾਲ ਬਣੀ ਨਾ ਢੱਠੇ ਸ਼ਰਾਹ ਮੁਨਾਰੇ ਨੇ।

ਫੁੱਲ ਬੜਾ ਹੀ ਸੋਹਣਾ ਏ ਪਰ ਵਿਚ ਖ਼ੁਸ਼ਬੋਈ ਨਹੀਂ,
ਬਿਨਾ ਮਹਿਕ ਦੇ ਫੁਲ ਨੂੰ ਕਿਧਰੇ ਮਿਲਦੀ ਢੋਈ ਨਹੀਂ।

ਸੋਹਣੀ ਬੜੀ ਹੈ ਕੋਠੀ ਉਸਰੀ ਰੱਖਿਆ ਉੱਚ ਦਰਵਾਜ਼ਾ,
ਮਨ ਦਾ ਬੂਹਾ ਸੌੜਾ ਰਖਿਆ ਵਿਗੜ ਗਿਆ ਸਭ ਕਾਜ਼ਾ।

ਤੇਰੇ ਵਿਚ 'ਅਮਰੀਕ ਸਿੰਘ' ਗੁਣ ਕੋਈ ਨਾ ਦਿਸਦਾ ਏ,
ਖਾਲੀ ਭਾਂਡੇ ਵਾਂਗ ਹੈ ਵੱਜਦਾ ਮਾਨ ਕਰੇ ਦੱਸ ਕਿਸਦਾ ਏ।
***



Sri Satguru Jagjit Singh Ji eLibrary NamdhariElibrary@gmail.com

## ਰੱਜ ਕੇ ਵੇਖ ਲਵੋਂ

ਚਾਰ ਦਿਨਾਂ ਦਾ ਮੇਲੈ ਰੱਜ ਕੇ ਵੇਖ ਲਵੋਂ।
ਜੀਵਨ ਵਿਚ ਕੁਝ ਚੰਗੇ ਲਿਖ ਵੀ ਲੇਖ ਲਵੋਂ।

ਸਮਝਦੇ ਹੋ ਜੇ ਕਿਸਮਤ ਸਾਡੀ ਵੱਲ ਨਹੀਂ,
ਮਿਹਨਤ ਕਰਕੇ ਮੇਟ ਮੱਥੇ ਦੀ ਰੇਖ ਲਵੋ।

ਸਦਾ ਹੀ ਰਖੀਏ ਸਾਫ਼ ਮਨਾਂ ਦੇ ਸ਼ੀਸ਼ੇ ਨੂੰ,
ਉਲਟਾ ਪੁਲਟਾ ਕਰ ਨਾ ਕੋਈ ਭੇਖ ਲਵੋ।

ਜ਼ਿੰਦਗੀ ਦੇ ਵਿੱਚ ਦਾਗ ਨ ਕੋਈ ਲੱਗ ਜਾਵੇ,
ਜੋ ਕਰਦੇ ਹੋ ਉਸ ਨੂੰ ਪੂਰਾ ਘੋਖ ਲਵੋ।

ਸੰਘਰਸ਼ਾਂ ਦੇ ਨਾਲ ਨਸੀਬਾਂ ਬਦਲੇਗਾ,
ਮਾਰ ਅਜੇਹੀ ਰੇਖ 'ਚ ਕੋਈ ਮੇਖ ਲਾਵੋਂ।

ਹਰ ਬੰਦੇ ਦੀ ਉਮਰ 'ਚ ਉਲਝਣ ਆਉਂਦੀ ਏ,
ਇਸ ਨੂੰ ਸਮਝ ਨਾ ਤੁਸੀਂ ਵਿਸ਼ੇਸ਼ ਲਵੋ।

ਆਖੋ 'ਸਿੰਘ ਅਮਰੀਕ' ਨੂੰ ਉੱਦਮ ਛੱਡੇ ਨਾ,
ਵਿਹਲੇ ਬਣ ਨਾ ਐਵੇ ਚਿੱਲੀ ਸ਼ੇਖ ਲਵੇ।
***



Sri Satguru Jagjit Singh Ji eLibrary NamdhariElibrary@gmail.com

# ਹੱਲ ਕਦੇ ਵੀ ਜੰਗ ਨਹੀਂ

ਮਸਲਿਆਂ ਦਾ ਹੱਲ ਕਦੇ ਵੀ ਜੰਗ ਨਹੀਂ,
ਆਮ ਲੋਕਾਂ ਦੀ ਕਦੇ ਇਹ ਮੰਗ ਨਹੀਂ,
ਜੰਗ ਵਿਚ ਮਾਵਾਂ ਦੇ ਪੁੱਤ ਹੀ ਮਰਨਗੇ,
ਬੱਚੇ ਬੁੱਢੇ ਸਭ ਮੁਸੀਬਤ ਜਰਨਗੇ।

ਹੋਵੇਗਾ ਨੁਕਸਾਨ ਜਾਨੋ ਮਾਲ ਦਾ,
ਸਮਾਂ ਆਵੇਗਾ ਕਈਆਂ ਦੇ ਕਾਲ ਦਾ,
ਅਫਰਾ ਤਫ਼ਰੀ ਹਰ ਜਗ੍ਹਾ ਮੱਚ ਜਾਏਗੀ,
ਜ਼ਿੰਦਗੀ ਸਮਤਲ ਨਹੀਂ ਰਹਿ ਪਾਏਗੀ।

ਹੋਏਗਾ ਬਰਬਾਦ ਘਰ ਵੀ ਘਾਟ ਵੀ,
ਵਿਗੜ ਜਾਵਨਗੇ ਸਭੀ ਹਾਲਾਤ ਵੀ,
ਦਰਹਮ ਬਰਹਮ ਸਿਲਸਲਾ ਸਭ ਹੋਏਗਾ,
ਜੰਗ ਬਰਬਾਦੀ ਦੀ ਚੱਕੀ ਝੋਏਗਾ।

ਕੋਈ ਭਾਗਾਂ ਵਾਲਾ ਹੀ ਤਾਂ ਬਚੇਗਾ,
ਬਚੇਗਾ ਜੋ ਮੁੜ ਕੇ ਦੁਨੀਆ ਰਚੇਗਾ,
ਜੰਗ ਵਿਚ ਨੇਤਾ ਨਾ ਕੋਈ ਮਰੇਗਾ,
ਰਾਖੀ ਅਪਣੀ ਹੋਰ ਪੱਕੀ ਕਰੇਗਾ।

ਇਹ ਮੁਸੀਬਤ ਆਏਗੀ ਆਵਾਮ ’ਤੇ,
ਰਹਿਣਗੇ ਸਾਰੇ ਹੀ ਨੇਤਾ ਲਾਮ੍ਹ ’ਤੇ,
ਜੰਗ ਦੇ ਵਿਚ ਜਦ ਹਜ਼ਾਰਾਂ ਮਰਨਗੇ,
ਫੇਰ ਨੇਤਾ ਸੁਲਾਹ ਦੀ ਗੱਲ ਕਰਨਗੇ।

ਪਹਿਲਾਂ ਹੀ ਕਿਉਂ ਨਹੀਂ ਨਤੀਜਾ ਸੋਚਦੇ,
ਮਸਲਿਆਂ ਦਾ ਹੱਲ ਕਿਉਂ ਨਹੀਂ ਲੋਚਦੇ,
ਪਰ ਇਹ ਨੇਤਾ ਜਦ ਹੁੰਦੇ ਨਾਕਾਮ ਨੇ,
ਜੰਗ ਦਾ ਫਿਰ ਉੱਚੀ ਲੈਂਦੇ ਨਾਮ ਨੇ।



Sri Satguru Jagjit Singh Ji eLibrary NamdhariElibrary@gmail.com

ਧਿਆਨ ਲੋਕਾਂ ਦੇ ਨੂੰ ਜੰਗ ਵਲ ਕਰਨ ਲਈ,
ਆਪਣੇ ਵੱਲੋਂ ਧਿਆਨ ਪਾਸੇ ਕਰਨ ਲਈ,
ਕੋਈ ਬਹਾਨਾਂ ਪਾ ਕੇ ਲਾਂਦੇ ਜੰਗ ਨੇ,
ਕੀ ਉਹਨਾਂ ਨੂੰ ਲੋਕ ਹੁੰਦੇ ਤੰਗ ਨੇ।

ਹੱਥ ਬੰਨ੍ਹ ਕਰਦੈ ਅਰਜ 'ਅਮਰੀਕ ਸਿੰਘ'
ਜੰਗ ਰੋਕਣ ਦੀ ਗ਼ਰਜ਼ 'ਅਮਰੀਕ ਸਿੰਘ',
ਕੋਈ ਲੋਕਾਂ ਦੇ ਭਲੇ ਦੀ ਗੱਲ ਕਰੋ,
ਬੈਠ ਕੱਠੇ ਸਾਰੇ ਮਸਲੇ ਹੱਲ ਕਰੋ।
***



Sri Satguru Jagjit Singh Ji eLibrary NamdhariElibrary@gmail.com

## ਕਿਸੇ ਆਸਰੇ

ਕਿਸੇ ਦੇ ਜੇ ਆਸਰੇ ਹਾਂ ਜੀ ਰਹੇ।
ਹੀਣ-ਭਾਵਾਂ ਦਾ ਹਾਂ ਮਹੁਰਾ ਪੀ ਰਹੇ।

ਅੰਗ ਸਾਡੇ ਸਭ ਦੇ ਨੇ ਇਕੋ ਜਹੇ,
ਆਪਣੇ ਭਾਗਾਂ 'ਤੇ ਹਾਂ ਦੰਦ ਕਿਉਂ ਪੀਹ ਰਹੇ।

ਚੰਗੇ ਮੰਦੇ ਦੀ ਅਸਾਂ ਨੂੰ ਸਮਝ ਹੈ,
ਫਿਰ ਪਤਾ ਨਹੀਂ ਪਾੜ ਕਿਉਂ ਹਾਂ ਲੀਹ ਰਹੇ।

ਵੇਲ ਚੜ੍ਹ ਜਾਂਦੀ ਏ ਉੱਚੇ ਰੁੱਖ 'ਤੇ,
ਡਿੱਗ ਪਵੇ ਤਾਂ ਫੇਰ ਦੱਸੋ ਕੀ ਰਹੇ।

ਕਿਸੇ ਦੇ ਮੋਢੇ 'ਤੇ ਹੱਥ ਧਰ ਚਲਦਿਆਂ,
ਛੁੱਟ ਜਾਏ ਤਾਂ ਪੱਲੇ ਨਾ ਕੁਝ ਵੀ ਰਹੇ।

ਪੀ ਲਵੇਗਾ ਤਿੱਸਾ ਪਾਣੀ ਮੰਗ ਕੇ,
ਆਖ ਉਸ ਨੂੰ ਕਿਉਂ ਅਸੀਂ ਹਾਂ ਛੀਹ ਰਹੇ।

ਆਪਣੇ ਹੱਥਾਂ 'ਤੇ ਭਰੋਸਾ ਰੱਖੀਏ,
ਹੀਣਤਾ ਦੇ ਬੀਜ ਕਿਉਂ ਹਾਂ ਬੀ ਰਹੇ।

ਬਾਹੂ-ਬਲ 'ਤੇ ਅਕਲ ਹੈ 'ਅਮਰੀਕ' ਜੇ,
ਖਾਹਮਖਾਹ ਫਾਡੀ ਹਾਂ ਕਿਉਂ ਫਿਰ ਥੀ ਰਹੇ।
***



Sri Satguru Jagjit Singh Ji eLibrary NamdhariElibrary@gmail.com

# ਕਦੋਂ ਤੱਕ

ਕਦੋਂ ਤੱਕ ਧਰਤੀ ਦੀ ਹਰ ਨੁਕਰੋ ਹਨੇਰਾ ਜਾਏਗਾ।
ਕਦੋਂ ਤੱਕ ਸੂਰਜ ਹਨੇਰੇ ਘਰਾਂ ਨੂੰ ਰੁਸ਼ਨਾਏਗਾ।

ਕਦੋਂ ਤੱਕ ਮਜਬੂਰੀਆਂ ਹਟ ਜਾਣੀਆਂ ਸੰਸਾਰ 'ਤੋ,
ਕਦੋਂ ਤੱਕ ਰਾਕਸ਼ ਗਰੀਬੀ ਦਾ ਲੁਕਾਈ ਖਾਏਗਾ।

ਆਮ ਲੋਕਾਂ ਦੇ ਕਦੋਂ ਤੱਕ ਸਾਹ ਸੁਖਾਲੇ ਹੋਣਗੇ,
ਹਰ ਕੋਈ ਹੀ ਆਤਮ ਨਿਰਭਰ ਸਦਾ ਲਈ ਹੋ ਪਾਏਗਾ।

ਕਦੋਂ ਤੱਕ ਕੋਈ ਕਿਸੇ ਦਾ ਲਹੂ ਨਿਚੋੜਣ ਵਾਸਤੇ,
ਬੇਸ਼ਰਮ ਹੋ ਸਾਰੇ ਭੈੜੇ ਢੰਗ ਵੀ ਅਪਨਾਏਗਾ।

ਕਦੋਂ ਤੱਕ ਉਹ ਦਿਨ ਦਿਹਾੜੇ ਅਸਮਤਾਂ ਲੁੱਟ ਲੈਣਗੇ,
ਬਾਪ ਬੈਠਾ ਵੇਖ ਸਭ ਕੁਝ ਸਹਿਕ ਜਿੰਦ ਗੰਵਾਏਗਾ।

ਕਦੋਂ ਤੱਕ ਨੇਤਾ ਅਸਾਨੂੰ ਅੱਛੇ ਦਿਨ ਦਿਖਲਾਣ ਲਈ,
ਕਰਕੇ ਅਪਣੀ ਕੁਰਸੀ ਪੱਕੀ ਸਾਨੂੰ ਠੁੱਠ ਦਿਖਲਾਏਗਾ।

ਚਾਹੁੰਦਾ ਏ 'ਅਮਰੀਕ' ਵੇਖਾਂ ਉਹ ਸੁਭਾਗਾ ਮੈਂ ਸਮਾਂ,
ਜਦ ਆਕਾਸ਼ੋਂ ਸਵਰਗ ਧਰਤੀ ਤੇ ਉਤਰ ਕੇ ਆਏਗਾ।
***



Sri Satguru Jagjit Singh Ji eLibrary NamdhariElibrary@gmail.com

## ਨਾ ਮੁਮਕਿਨ ਨਹੀਂ

ਦੁਨੀਆ ਵਿਚ ਕੁਝ ਵੀ ਨਾ ਮੁਮਕਿਨ ਨਹੀਂ।
ਹਟੇ ਨਾ ਐਸੀ ਕੋਈ ਅੜਚਨ ਨਹੀਂ।

ਸਫਲਤਾ ਜਿਸ ਵਿਚੋਂ ਨਾ ਨਜ਼ਰੀ ਪਵੇ,
ਹਿੰਮਤ ਦਾ ਐਸਾ ਕੋਈ ਦਰਪਨ ਨਹੀਂ।

ਰਾਹ ਤੇ ਪਰਬਤ ਨੂੰ ਵੀ ਦੇਣਾ ਪਏਗਾ,
ਘੱਟ ਜੇ ਫਰਿਹਾਦ ਤੋਂ ਧੜਕਣ ਨਹੀਂ।

ਉਂਝ ਬਨਾਓਂ ਪਾਰ ਸਭ ਲੰਘ ਜਾਣਗੇ,
ਕੰਢੇ 'ਤੇ ਲਹਿਰਾਂ ਰਹੇ ਜੇ ਗਿਣ ਨਹੀਂ।

ਕਰਦਿਆਂ ਸੰਘਰਸ਼ ਨਾ ਮੰਜ਼ਿਲ ਮਿਲੇ,
ਐਸਾ ਇਸ ਦੁਨੀਆ 'ਤੇ ਚੜ੍ਹਨਾ ਦਿਨ ਨਹੀਂ।

ਸਫਲਤਾ ਜਿੰਨਾਂ ਦੇ ਚੁੰਮਦੀ ਪੈਰ ਹੈ,
ਹਿੰਮਤਾਂ ਵਾਲੇ ਮੈਂ ਸਕਦਾ ਗਿਣ ਨਹੀਂ।

ਹੱਥ 'ਤੇ ਹੱਥ ਧਰ ਕੇ ਜੋ ਬੈਠਾ ਰਹੇ,
ਤੇਰੇ ਵਿੱਚ 'ਅਮਰੀਕ ਸਿੰਘ' ਉਹ ਚਿੰਨ੍ਹ ਨਹੀਂ।
***



Sri Satguru Jagjit Singh Ji eLibrary NamdhariElibrary@gmail.com

## ਦੁੱਖ ਬੜੇ ਹਾਂ ਸਹਿ ਰਹੇ

ਸੁਖ ਦੀ ਖਾਤਰ ਦੁੱਖ ਬੜੇ ਹਾਂ ਸਹਿ ਰਹੇ।
ਸਾਰੀ ਉਮਰਾਂ ਟਿਕ ਨਹੀਂ ਹਾਂ ਬਹਿ ਰਹੇ।

ਬਹੁਤਾ ਧਨ ਹੁੰਦਿਆਂ ਵੀ ਲੋਕੀਂ ਦੁਖੀ ਨੇ,
ਸੁਖ ਨਹੀ ਧੰਨ ਵਿੱਚ ਨੇ ਉੱਚੀ ਕਹਿ ਰਹੇ।

ਅੱਤ ਦੁਖੀ ਨੇ ਕਈ ਤਾਂ ਔਲਾਦ ਬਿਨ,
ਪੁਤਰਾਂ ਹੱਥੋਂ ਕਈ ਚੱਕੋਂ ਲਹਿ ਰਹੇ,

ਸੁਖ ਕਈ ਮਿੱਤਰਾਂ 'ਚ ਬਹਿ ਕੇ ਭਾਲਦੇ,
ਬਹੁਤੇ ਮਿੱਤਰਾਂ ਹੱਥੋ ਹੈ ਨੇ ਤਹਿ ਰਹੇ।

ਲੱਭ ਰਹੇ ਨੇ ਸੁਖ ਬਥੇਰੇ ਗ੍ਰਹਿਸਤ ਵਿੱਚ,
ਗ੍ਰਹਿਸਤ ਛੱਡ ਜੰਗਲ ਦੇ ਰਾਹੇ ਪੈ ਰਹੇ।

ਠੱਗੀਆਂ ਕਰਦੇ ਨੇ ਸੁਖ ਦੀ ਭਾਲ ਵਿੱਚ,
ਕਰਦਿਆਂ ਚੋਰੀ ਨੇ ਸੁੰਨ ਤੇ ਢਹਿ ਰਹੇ।

ਸੁੱਖ ਤਾਂ ਹੈ ਸੰਤੋਖ ਵਿੱਚ 'ਅਮਰੀਕ ਸਿੰਘ',
ਵਹਿਮ ਵਿੱਚ ਐਵੇਂ ਅਸੀਂ ਹਾਂ ਵਹਿ ਰਹੇ।
***



Sri Satguru Jagjit Singh Ji eLibrary NamdhariElibrary@gmail.com

## ਬੁਰੀ ਕਰਜ਼ ਦੀ ਸੋਈ

ਵਾਹ ਲਗਦੀ ਨਾ ਕਰਜ਼ਾ ਚੁਕੀਏ ਬੁਰੀ ਬਲਾ ਹੈ ਕਰਜ਼ਾ।
ਕਰਜ਼ਾਈ ਦਾ ਵਿੱਚ ਸਮਾਜ ਦੇ ਹੈ ਜੇ ਨੀਵਾਂ ਦਰਜਾ।

ਚੁੱਕ ਲਈਦੈ ਕਰਜ਼ਾ ਐ ਪਰ, ਲਾਹਿਆਂ ਇਹ ਨਹੀਂ ਲਹਿੰਦਾ,
ਉਦੋਂ ਲਹਿਦੈ ਜਦੋਂ ਬੰਦੇ ਦਾ, ਘਰ ਨਾ ਘਾਟ ਹੈ ਰਹਿੰਦਾ।

ਕਰਜ਼ਾਈ ਨੂੰ ਦਿਨ ਰਾਤ ਵੀ ਨੀਂਦ ਨਾ ਅਸਲੋਂ ਆਵੇ,
ਲਹਿਣੇ-ਦਾਰ ਤਾਂ ਸੁਫਨੇ ਵਿੱਚ ਵੀ, ਆਪਣੀ ਸ਼ਕਲ ਵਖਾਵੇ।

ਸਣੇ ਵਿਆਜ ਦੇ ਲਹਿਣੇਦਾਰ ਨੇ, ਖਾਤਾ ਅੱਗੇ ਧਰਿਆ,
ਵੇਖ ਨ੍ਹੇਰ ਨੇ ਆਈ ਇਕਦਮ, ਨਾ ਜੀਂਦਾ ਨਾ ਮਰਿਆ।

ਕਿਸੇ ਸਿਆਣੇ ਸਮਝਾਇਆ ਕਿ ਜਿਉਂ ਲਹਿੰਦਾ ਏ ਲਾਹ ਦੇ,
ਰਾਤ ਦਿਨ ਇਹ ਵਧਦਾ ਜਾਣਾ, ਕੌਣ ਇਹ ਵਾਧਾ ਸਾਧੇ।

ਖਾ ਜਾਏਗਾ ਕਰਜ਼ਾ ਸਭ ਕੁਝ, ਜਾਇਦਾਦ ਘਰ ਬਾਰ,
ਦੁਨੀਆ ਵਿੱਚ ਨਾ ਰਹਿ ਜਾਏਗਾ ਕਰਜ਼ਾਈ ਦੀ ਠਾਹਰ।

ਮੂਲੋਂ ਵੱਧ ਵਿਆਜ ਹੋ ਜਾਣਾ, ਇਸ ਵਿੱਚ ਝੂਠ ਨਾ ਕੋਈ,
ਵੇਖ ਲਿਐ 'ਅਮਰੀਕ ਸਿੰਘ' ਨੇ, ਬੁਰੀ ਕਰਜ਼ ਦੀ ਸੋਈ।
***



Sri Satguru Jagjit Singh Ji eLibrary NamdhariElibrary@gmail.com

# ਤੁਸੀਂ ਅਸਾਡੇ ਵਿਹੜੇ ਆਏ

ਤੁਸੀਂ ਅਸਾਡੇ ਵਿਹੜੇ ਆਏ ਕਿਵੇਂ ਸੁਆਗਤ ਕਰੀਏ।
ਫੁੱਲਾਂ ਦੇ ਅਸੀਂ ਹਾਰ ਪਰੋਕੇ ਤੁਸਾਂ ਦੇ ਅੱਗੇ ਧਰੀਏ।

ਸੋਹੇ ਬੰਕ ਦੁਆਰ ਅਸਾਡੇ ਹਰ ਪਾਸੇ ਖ਼ੁਸ਼ਬੂਆਂ,
ਖਿੜੇ ਸਭਸ ਦੇ ਚਿਹਰੇ ਵੇਖੋ ਗਦ-ਗਦ ਹੋਈਆਂ ਰੂਹਾਂ।

ਅੰਦਰ ਬਾਹਰ ਮਹਿਕਾਂ ਖਿੰਡੀਆਂ ਗਦ-ਗਦ ਹੈ ਚੁਫੇਰਾ,
ਤੁਸਾਂ ਪਵਿਤਰ ਰੂਹਾਂ ਸਾਡੇ ਵਿਹੜੇ ਪਾਇਆ ਫੇਰਾ।

ਗ਼ਮ ਉੱਡੇ ਧੁੰਦ ਬਦਲਾਂ ਵਾਂਗੂ, ਮਨ੍ਹਾਂ 'ਚੋਂ ਮਿਟੇ ਹਨੇਰੇ,
ਚਾਨਣ ਨੇ ਆ ਡੇਰੇ ਲਾਏ, ਹੋਏ ਸੁਭਾ ਸਵੇਰੇ।

ਤੁਸਾਂ ਦੇ ਬੈਠਣ ਖਾਤਰ ਅਸਾਂ ਨੇ ਦਿਲ ਦੀ ਦਰੀ ਵਛਾਈ,
ਮਨ-ਮੰਦਰ ਵਿੱਚ ਅਤਿ ਖੁਸ਼ ਹੋ ਕੇ ਪਿਆਰ ਦੀ ਜੋਤ ਜਗਾਈ।

ਵਡਭਾਗੇ ਹਾਂ ਅਸੀਂ ਪਿਆਰੇ ਦਰਸ਼ਨ ਹੋਏ ਤੁਹਾਡੇ,
ਤੁਸਾਂ ਦੇ ਆਉਣ ਦੇ ਸਦਕਾ ਸਾਡੇ ਸੁੱਤੇ ਭਾਗ ਨੇ ਜਾਗੇ।

ਉਸ ਮਾਲਕ ਦਾ ਆਓ ਸਾਰੇ ਸਦ ਸਦ ਸ਼ੁਕਰ ਮਨਾਈਏ,
ਤਨ ਮਨ ਖ਼ੁਸ਼ 'ਅਮਰੀਕ ਸਿੰਘ' ਦਾ, ਉਸ ਨੂੰ ਨਾਲ ਰਲਾਈਏ।
***


Sri Satguru Jagjit Singh Ji eLibrary NamdhariElibrary@gmail.com

# ਨਫ਼ਰਤ ਨਾ ਕਰੀਏ

ਕਿਸੇ ਦੀ ਅਕੀਦਤ ਨੂੰ ਨਫ਼ਰਤ ਨਾ ਕਰੀਏ।
ਭਰੋਸੇ ਕਿਸੇ ਦੇ ਤੇ ਉਂਗਲ ਨਾ ਧਰੀਏ।

ਜੋ ਜਿਸ ਨੂੰ ਵੀ ਮੰਨਦੈ ਇਹ ਉਸਦੀ ਹੈ ਮਰਜ਼ੀ,
ਸਦਾ ਆਪਣੇ ਵਿਸ਼ਵਾਸ ਦੀ ਹਾਮੀ ਭਰੀਏ।

ਗੀਟੇ 'ਚੋਂ ਧੰਨੇ ਨੇ ਰੱਬ ਲੱਭ ਲਿਆ ਸੀ,
ਯਕੀਨ ਆਪਣਾ ਪੱਕਾ ਕਰਨ ਤੋਂ ਨਾ ਡਰੀਏ।

ਕ੍ਰਿਸ਼ਨ ਜੀ ਦੀ ਬੰਸੀ ਤੇ ਮੋਹਿਤ ਹੈ ਕੋਈ,
ਸ਼੍ਰੀ ਰਾਮ ਨੂੰ ਕਹਿੰਦਾ ਕੋਈ ਸਿਮਰੀਏ।

ਵਣਾਂ ਵਿੱਚ ਕੋਈ ਰੱਬ ਨੂੰ ਲੱਭਦਾ ਹੈ ਫਿਰਦਾ,
ਕਹੇ ਕੋਈ ਗ੍ਰਿਹਸਤੀ ਹੀ ਰਹਿ ਕੇ ਉਭਰੀਏ।

ਕੋਈ ਭੁੱਖਿਆਂ ਰਹਿ ਕੇ ਮੁਕਤ ਹੋਣਾ ਚਾਹੇ,
ਕਹੇ ਕੋਈ ਰੱਜ ਖਾਈਏ ਭੁੱਖੇ ਕਿਉਂ ਮਰੀਏ।

ਉਮਰ ਭਰ ਕਿਸੇ ਨੇ ਬੜਾ ਤਪ ਹੈ ਕੀਤਾ,
ਤੇ ਜਲ-ਧਾਰਾ ਕਰ ਕੋਈ ਕਹਿੰਦਾ ਏ ਠਰੀਏ।

ਬਣੀ ਆਸਥਾ ਹੈ ਕਿਸੇ ਦੀ ਜਿਵੇਂ ਦੀ,
ਅਸੀਂ ਉਸ ਨੂੰ ਤਕ ਖਾਹ ਮਖਾਹ ਹੀ ਨਾ ਝੁਰੀਏ।

ਜਿਵੇਂ ਲੋਕ ਅਕਲੋਂ ਤੇ ਸ਼ਕਲੋਂ ਨੇ ਵੱਖਰੇ,
ਤਿਵੇਂ ਸ਼ਰਧਾ ਵਣ ਵਣ ਦੀ ਤੱਕ ਕਿਓਂ ਝਗੜੀਏ।

ਕੋਈ ਅੱਲਾ ਨੂੰ ਮਿਲਨ ਜਾਂਦੈ ਮਸੀਤੀ,
ਕੋਈ ਆਖੇ ਮੰਦਰ ਜਾ ਭਵਜਲ ਤੋਂ ਤਰੀਏ।

ਬੜੀ ਸ਼ਰਮ ਆਉਂਦੀ ਏ 'ਅਮਰੀਕ ਸਿੰਘ' ਨੂੰ,
ਵਿਵਾਦਾਂ 'ਚ ਪੈ ਕੇ ਜਦੋਂ ਅਕਲ ਹਰੀਏ।



Sri Satguru Jagjit Singh Ji eLibrary NamdhariElibrary@gmail.com

# ਕਿਉਂ ਲਾਰੇ ਲਾਂਦੇ ਹਾਂ

ਆਏ ਨੂੰ ਕੁਝ ਦੇਣਾ ਨਹੀਂ ਕਿਉਂ ਲਾਰੇ ਲਾਂਦੇ ਹਾਂ।
ਭੰਬਲ ਭੂਸਿਆਂ ਵਿੱਚ ਵਿਚਾਰੇ ਨੂੰ ਕਿਉਂ ਪਾਂਦੇ ਹਾਂ।

ਤੁਰਤ ਜਵਾਬ ਕਿਉਂ ਉਹ ਪ੍ਰਬੰਧ ਕੋਈ ਹੋਰ ਕਰੇ,
ਲਾਰੇ ਲਾ ਕੇ ਉਸ ਦੇ ਸਾਰੇ ਕੰਮ ਖਿੜਕਾਂਦੇ ਹਾਂ।

ਸਖੀ ਨਾਲੋਂ ਤਾਂ ਸ਼ੂਮ ਭਲਾ ਜੋ ਤੁਰਤ ਜੁਵਾਬ ਦਵੇ,
ਮੁੜਨ ਵਾਲੇ ਨੂੰ ਸੋਚਾਂ ਵਿੱਚ ਗਲਤਾਨ ਕਰਾਂਦੇ ਹਾ।

ਸੋਚੋ ਸਾਨੂੰ ਵਿੱਚ ਵਹਿਦਿਆਂ ਰੱਖ ਜੁਆਬ ਮਿਲੇ,
ਕੀ ਹਾਲਤ ਹੈ ਹੁੰਦੀ ਕਿੰਨਾਂ ਕੂ ਸ਼ਰਮਾਂਦੇ ਹਾਂ।

ਆਉਣ ਵਾਲੇ ਦਾ ਕੰਮ ਰੱਬ ਤਾਂ ਸਾਰ ਹੀ ਦੇਂਦਾ ਏ,
ਵੇਲਾ ਨਹੀ ਸੰਭਾਲਿਆ ਵੇਖ ਕੇ ਸਦ ਸ਼ਰਮਾਂਦੇ ਹਾਂ।

ਲੋੜ ਤਾਂ ਹਰ ਬੰਦੇ ਨੂੰ ਕਦੇ ਵੀ ਪੈ ਹੀ ਸਕਦੀ ਏ,
ਅਸੀਂ ਕਿਸੇ ਦੀ ਮਦਦ ਕਰਨ ਤੋਂ ਕਿਉਂ ਘਬਰਾਂਦੇ ਹਾਂ।

ਤਜਰਬੇ ਦੀ ਗੱਲ 'ਅਮਰੀਕ ਸਿੰਘ' ਪਿਆ ਕਰਦਾ ਏ,
ਕਰੀਏ ਕਿਸੇ ਦੀ ਮਦਦ ਜੇ ਰੱਬੀ ਮਦਦ ਵੀ ਚਾਹੰਦੇ ਹਾਂ।

***



Sri Satguru Jagjit Singh Ji eLibrary NamdhariElibrary@gmail.com

## ਰੰਜਸ਼ਾਂ ਛੁਟੇਰੀਆਂ

ਰੰਜਸ਼ਾਂ ਛੁਟੇਰੀਆਂ ਵੀ ਨਾਤੇ ਤੋੜ ਦੇਂਦੀਆਂ।
ਨਫਰਤਾਂ ਦੇ ਹੜ੍ਹੀਂ ਪਿਆਰ ਉੱਕਾ ਰੋੜ੍ਹ ਦੇਂਦੀਆਂ।

ਬੜੀ ਗੂੜੀ ਪ੍ਰੀਤ ਪਲਾਂ ਵਿਚ ਟੁੱਟ ਜਾਂਦੀ ਏ,
ਨਗਰੀ ਮੁਹੱਬਤਾਂ ਦੀ ਡੇਰਾ ਚੁੱਕ ਜਾਂਦੀ ਏ।

ਨਿੱਕਾ ਜੇਹਾ ਰੋਸਾ ਵੀ ਪੁਆੜਾ ਬੜਾ ਪਾ ਦਵੇ,
ਤੀਲੀ ਜਿਵੇਂ ਇਕ ਸਾਰੇ ਪਿੰਡ ਨੂੰ ਜਲਾ ਦਵੇ।

ਰਹਿੰਦੇ ਜੋ ਸੀ ਦਿਲਾ ਕੋਲ ਕੋਹਾਂ ਦੂਰ ਵੱਸਦੇ,
ਮਿਲਦੇ ਸੀ ਗਲ਼ੇ ਹੁਣ ਵੇਖ ਦੂਰ ਨੱਸਦੇ।

ਗੱਲਾਂ ਗੱਲਾਂ ਵਿੱਚ ਏਨੀ ਵੱਧ ਜਾਂਦੀ ਵਿੱਥ ਹੈ,
ਕਦੋਂ ਮਿਲ ਬਹਿਣਗੇ ਨਾ ਆਉਣੀ ਐਸੀ ਤਿੱਥ ਹੈ।

ਰੰਜਸ਼ਾਂ ਵਧਾਣ ਬਹੁਤੇ, ਮੇਟਣ ਜੋ ਥੋੜ੍ਹੇ ਨੇ,
ਸੱਜਣ ਨੇ ਉਤੋਂ ਪਰ ਅੰਦਰਾਂ ਦੇ ਕੋਹੜੇ ਨੇ।

ਚਾਹੁੰਦੈ 'ਅਮਰੀਕ ਸਿੰਘ' ਰੰਜਸ਼ਾਂ ਮਿਟਾ ਦਿਓ,
ਰਲ ਮਿਲ ਰਹੋ ਬਾਹਾਂ ਗਲਾਂ ਵਿੱਚ ਪਾ ਦਿਓ।
***



Sri Satguru Jagjit Singh Ji eLibrary NamdhariElibrary@gmail.com

# ਸਮੂਹ ਇਨਸਾਨ ਹੈ

ਮਾਸ ਹੱਡੀਆਂ ਦਾ ਸਮੂਹ ਇਨਸਾਨ ਹੈ।
ਏਸ ਵਿੱਚ ਰੂਹ ਹੈ ਜੋ ਉਹ ਭਗਵਾਨ ਹੈ।

ਰੂਹ ਬਿਨਾਂ ਦੇਹੀ ਹੈ ਕਿਹੜੇ ਕੰਮ ਦੀ,
ਰੱਖਦੀ ਰੂਹ ਇਸ ਨੂੰ ਚਲਾਏ ਮਾਨ ਹੈ।

ਹਰ ਜ਼ਰੂਰਤ ਵਾਸਤੇ ਹਰ ਅੰਗ ਹੈ,
ਸਾਰਿਆਂ ਅੰਗਾਂ ਦੀ ਰੂਹ ਹੀ ਜਾਨ ਹੈ।

ਰੂਹ ਤੇ ਦੇਹੀ ਦਾ ਧੁਰੋਂ ਸੰਜੋਗ ਹੈ,
ਦੇਹ ਬਿਨਾਂ ਰੂਹ ਦੀ ਵੀ ਕੀ ਪਹਿਚਾਣ ਹੈ।

ਸਾਹ ਅਸਾਡੇ ਦੁਹਾਂ ਨੂੰ ਹਨ ਜੋੜਦੇ,
ਮੁੱਕ ਜਾਵਨ ਸੁਆਸ ਕਾਹਦਾ ਮਾਨ ਹੈ।

ਨੇਕੀਆਂ ਬਦੀਆਂ ਤਾਂ ਸੱਭੇ ਰੂਹ ਕਰੇ,
ਖਾਹਮਖਾਹ ਦੇਹੀ ਬਣੀ ਬਈਮਾਨ ਹੈ।

ਇਕ ਮੁਇੰਮਾ ਹੈ ਮਨੁੱਖ 'ਅਮਰੀਕ ਸਿੰਘ',
ਇਸ ਦਾ ਆਇਆ ਕਿਸੇ ਨੂੰ ਨਹੀਂ ਗਿਆਨ ਹੈ।
***



Sri Satguru Jagjit Singh Ji eLibrary NamdhariElibrary@gmail.com

## ਨਿਯਮ ਬੱਧ ਸਾਰੇ ਦੇ ਸਾਰੇ

ਧਰਤੀ ਸੂਰਜ ਚੰਨ ਸਿਤਾਰੇ, ਨਿਯਮ ਬੱਧ ਸਾਰੇ ਦੇ ਸਾਰੇ।
ਆਪਣੀ ਆਪਣੀ ਰਾਹੇ ਚਲਦੇ, ਕਦੇ ਨਾ ਰੁਕਦੇ ਕਦੇ ਨਾ ਟਲਦੇ।

ਵਕਤੋਂ ਕਦੇ ਬੇਵਕਤ ਨਾ ਹੋਵਨ, ਸਦਾ ਹੀ ਜਾਗਣ ਕਦੇ ਨਾ ਸੋਵਨ।
ਆਪਸ ਵਿਚ ਇਹ ਨਹੀਂ ਟਕਰਾਂਦੇ, ਸਦੀਆਂ ਤੋਂ ਪੈ ਚੱਕਰ ਲਾਂਦੇ।

ਆਪਣੇ ਆਪਣੇ ਫਰਜ਼ ਨਿਭਾਵਨ, ਫਰਜ਼ ਨਿਭਾਂਦੇ ਨਾ ਸ਼ਰਮਾਵਨ।
ਕਦੇ ਵੀ ਨਹੀਂ ਹਸਾਨ ਜਤਾਇਆ, ਮੰਗਿਆ ਕਦੇ ਵੀ ਨਹੀਂ ਕਰਾਇਆ।

ਸਭ ਨੂੰ ਸੁਖ ਸੁਮਰਿਧੀਆਂ ਬਖਸ਼ਨ, ਲੋਕ ਇਹਨਾਂ ਦੀ ਦੀਦ ਨੂੰ ਤਰਸਨ।
ਕੌਣ ਇਹਨਾਂ ਨੂੰ ਰਾਹ ਵਖਾਂਦੈ, ਕੌਣ ਇਹਨਾਂ ਨੂੰ ਤੁਰਨ ਸਿਖਾਂਦੈ।

ਕੌਣ ਇਹਨਾਂ ਨੂੰ ਉੱਦਮ ਦੇਂਦੈ, ਕੌਣ ਇਹਨਾਂ ਦਾ ਧਿਆਨ ਰਖੈਂਦੇ,
ਕਿਸੇ ਨਾਲ ਨਹੀਂ ਧੋਖਾ ਕਰਦੇ, ਹਰ ਅਨਗਹਿਲੀ ਤੋਂ ਨੇ ਡਰਦੇ।

ਤਾਣ ਹੁੰਦਿਆਂ ਹੈਣ ਨਿਤਾਣੇ, ਮਾਨ ਹੁੰਦਿਆਂ ਹੈਣ ਨਿਮਾਣੇ।
ਪਰ ਇਨਸਾਨ ਇਹ ਸਭ ਕੁਝ ਤੱਕੇ, ਗਲਤੀ ਕਰਨੋਂ ਕਦੇ ਨਾ ਝੱਕੇ।

ਇਹਨਾਂ ਦੀ ਕਿਉਂ ਰੀਸ ਨਹੀਂ ਕਰਦਾ, ਨਿੱਤ ਅਵੱਗਿਆ ਤੋਂ ਨਹੀਂ ਡਰਦਾ।
'ਸਿੰਘ ਅਮਰੀਕ' ਬੰਦੇ ਨੂੰ ਕਹਿੰਦਾ, ਸਬਕ ਇਹਨਾਂ ਤੋਂ ਕਿਉਂ ਨਹੀਂ ਲੈਂਦਾ।
***



Sri Satguru Jagjit Singh Ji eLibrary NamdhariElibrary@gmail.com

# ਚਾਦਰ ਚਿੱਟੀ ਰਹਿਣੀ ਚਾਹੀਦੀ

ਤਨ ਦੀ ਸੁੰਦਰਤਾ ਧੁਰੋਂ ਲੈ ਆਈਦੀ।
ਸੁੰਦਰਤਾ ਮਨ ਦੀ ਹੈ ਖੁਦ ਅਪਣਾਈਦੀ।

ਤਨ ਤੇ ਮਨ ਸੋਹਣਾ ਹੈ ਜਿਸ ਇਨਸਾਨ ਦਾ,
ਕੀਮਤ ਉਸ ਦੀ ਕੋਈ ਵੀ ਨਹੀਂ ਪਾਈਦੀ।

ਬਹੁਤ ਸੁੰਦਰ ਤਨ ਹੈ ਮਨ ਸੋਹਣਾ ਨਹੀਂ,
ਕਦਰ ਉਸ ਦੀ ਨਹੀਂ ਰੁਪਈਏ ਢਾਈਦੀ।

ਸੁਹਜ ਮਨ ਦੇ ਨੂੰ ਜੋ ਕਾਇਮ ਰੱਖ ਸਕੇ,
ਉਸ ਦੀ ਕੀਰਤ ਦੁਨੀਆ ਵਿੱਚ ਹੈ ਗਾਈਦੀ।

ਹਉਮੇ ਤੇ ਹੰਕਾਰ ਮਨ ਦੀ ਮੈਲ ਹੈ,
ਨੇਕ ਨੀਅਤੀ ਨਾਲ ਇਹ ਹੈ ਲਾਹੀਦੀ।

ਮਨ ਦੀ ਸੁੰਦਰਤਾ ਜੇ ਗੰਧਲੀ ਹੋ ਗਈ,
ਚੰਗੀ ਸੁਹਬਤ ਨਾਲ ਹੈ ਲਿਸ਼ਕਾਈਦੀ।

ਕੋਈ ਉਪਰਾਲਾ ਕਰੋ 'ਅਮਰੀਕ ਸਿੰਘ',
ਮਨ ਦੀ ਚਾਦਰ ਚਿੱਟੀ ਰਹਿਣੀ ਚਾਹੀਦੀ।

***



Sri Satguru Jagjit Singh Ji eLibrary NamdhariElibrary@gmail.com

# ਜਿੰਨ ਕਦੇ ਵੀ ਨਿਕਲਦਾ ਨਹੀਂ

ਕਹਿੰਦੇ ਜਿੰਨ ਤਾਂ ਨਿਕਲ ਜਾਂਦੈ ਪਰ ਜਨ ਕਦੇ ਵੀ ਨਿਕਲਦਾ ਨਹੀਂ।
ਮਨ ਵਿਚ ਵਹਿਮ ਦਾ ਗੌਲਾ ਬਣ ਜੇ ਕਿਸੇ ਵੀ ਕਾਰੇ ਫਿਸਦਾ ਨਹੀ।

ਵਹਿਮ ਦਾ ਦਾਰੂ ਕੌਲ ਹੈ ਕਿਸਦੇ ਵੱਡੇ ਹਕੀਮ ਵੀ ਹਾਰ ਗਏ,
ਸ਼ੱਕ ਦਾ ਭੂਤ ਚਿੰਬੜਦੈ ਜਿਸ ਨੂੰ ਕਰੀਏ ਜਤਨ ਖਿਸਕਦਾ ਨਹੀਂ।

ਸ਼ੱਕ ਸ਼ੁਭੇ ਦੀ ਮਰਜ ਹੈ ਐਸੀ ਜਿਸ ਦਾ ਦਾਰੂ ਕੋਈ ਨਹੀਂ,
ਕਿੰਨਾ ਕੋਈ ਯਕੀਨ ਦਿਵਾਵੇ ਸ਼ੱਕ ਮਿਟਦਾ ਪਰ ਟਲਦਾ ਨਹੀਂ।

ਹੋ ਜੇ ਜਿਸ 'ਤੇ ਬੇ-ਇਤਬਾਰੀ, ਨਹੀਂ ਭਰੋਸਾ ਟਿਕ ਸਕਦਾ,
ਦਿਲ 'ਚੋਂ ਨਿਕਲ ਜਾਏ ਜੇ ਕੋਈ ਮਨ ਫਿਰ ਉਸ 'ਤੇ ਟਿਕਦਾ ਨਹੀਂ।

ਪ੍ਰੀਤ ਹੈ ਕੱਚੀ ਤੰਦ ਅਜੇਹੀ, ਝਲਦੀ ਬਹੁਤਾ ਭਾਰ ਕਦੇ,
ਟੁੱਟ ਜਾਏ ਜੇ ਇਕ ਵੇਰਾਂ ਕਦੇ ਵੀ ਦਿਲ ਫਿਰ ਮਿਲਦਾ ਨਹੀਂ।

ਜੰਨ ਤੇ ਸ਼ੱਕ ਸ਼ੁਭੇ ਤੇ ਵਹਿਮਾਂ ਗੂਹੜੇ ਰਿਸ਼ਤੇ ਤੋੜ ਦਿਤੇ,
ਕੱਚਿਆਂ ਘੜਿਆਂ 'ਤੇ ਤਰ ਮਿਲਦੇ ਪੱਕਿਆਂ 'ਤੇ ਵੀ ਮਿਲਦੀ ਨਹੀਂ।

ਗੱਲ 'ਅਮਰੀਕ ਸਿੰਘ' ਜੇ ਮੰਨੇ, ਕਰੀਏ ਸ਼ੱਕ ਨਾ ਸੱਜਣਾ 'ਤੇ,
ਵੱਡਾ ਰੋਗ ਹੈ ਜਿਸ ਦੇ ਹੁੰਦਿਆਂ ਫੁੱਲ ਮਨਾਂ ਦਾ ਖਿਲਦਾ ਨਹੀਂ।
***



Sri Satguru Jagjit Singh Ji eLibrary NamdhariElibrary@gmail.com

# ਪੁੱਤ ਪੋਤਰੇ ਤੁਰ ਗਏ ਦੂਰ

ਪੁੱਤ ਪੋਤਰੇ ਤੁਰ ਗਏ ਦੂਰ।
ਬੈਠੇ ਹਾਂ ਅਸੀਂ ਹੋ ਮਜਬੂਰ।

ਰੁੱਸ ਗਏ ਨੇ ਕਿਹੜੀ ਗੱਲੇ,
ਦੇਸ ਛੱਡ ਪਰਦੇਸ ਜਾ ਮੱਲੇ।

ਆ ਗਿਆ ਵਿਚ ਦਿਮਾਗ ਫਤੂਰ,
ਛੱਡ ਸਰਦਾਰੀ ਬਣੇ ਮਜੂਰ।

ਸੁੱਖ ਸਾਧਨ ਸਭ ਗਏ ਨੇ ਵੇਚ,
ਕਾਰ, ਸਕੂਟਰ, ਕੁਰਸੀਆਂ ਤੇ ਮੇਜ।

ਅੰਨ ਜਲ ਦੇਸੋਂ ਐਸਾ ਚੁੱਕਿਆ,
ਪਾਰ ਸਮੁੰਦਰੋ ਜਾ ਹੈ ਸੁੱਟਿਆ।

ਸਾਕਾਂ ਅੰਗਾਂ ਨੂੰ ਕੰਡ ਦਿੱਤੀ,
ਬੰਦ ਕਰ ਦਿਤੀ ਪਿਆਰ ਦੀ ਭਿੱਤੀ।

ਤੁਰਿਆਂ ਨੂੰ ਅਸੀਂ ਰੋਕ ਨਾ ਪਾਏ,
ਹੁਣ ਗ਼ਮ ਦੇ ਨੇ ਬੱਦਲ ਛਾਏ।

ਰੁੱਖਾਂ ਦੇ ਫਲ ਟੁੱਟ ਗਏ ਨੇ,
ਧੁੱਪੇ ਖਾਲੀ ਰੁੱਖ ਪਏ ਨੇ।

ਫਲਾਂ ਨੇ ਰੁੱਖਾਂ ਕੋਲ ਨਾ ਔਣਾ,
'ਕੱਲਿਆਂ ਅਸਾਂ ਹੈ ਸਮਾਂ ਲੰਘੌਣਾ।

ਬੜਾ ਹੀ ਆਪਣਾ ਮਨ ਸਮਝਾਇਆ,
ਦੂਰ ਗਿਆ ਕੋਈ ਮੁੜ ਨਾ ਆਇਆ।



Sri Satguru Jagjit Singh Ji eLibrary NamdhariElibrary@gmail.com

ਦਸਰਥ ਰਾਮ ਤੋਂ ਵਿੱਛੜ ਮਰਿਆ,
ਕ੍ਰਿਸ਼ਨ ਗਿਆ ਨਾ ਗੋਕੁਲ ਮੁੜਿਆ।

ਗੁਰੂ ਰਾਮ ਸਿੰਘ ਅਜੇ ਨਾ ਆਏ,
ਵਿਚ ਪਰਦੇਸਾਂ ਡੇਰੇ ਲਾਏ।

ਅਸੀਂ ਵੀ ਤਰਸ ਕੇ ਮਰ ਜਾਵਾਂਗੇ,
ਗਿਆਂ ਨੂੰ ਫੇਰ ਨਾ ਮਿਲ ਪਾਵਾਂਗੇ।

'ਸਿੰਘ ਅਮਰੀਕ' ਪੂੰਝ ਲੈ ਅੱਖੀਂ,
ਯਾਦ ਉਹਨਾਂ ਦੀ ਸਾਂਭ ਕੇ ਰਖੀਂ।
***



Sri Satguru Jagjit Singh Ji eLibrary NamdhariElibrary@gmail.com

## ਕੌਣ ਪਰਾਇਆ

ਸਭ ਆਪਣੇ ਹਨ, ਕੌਣ ਪਰਾਇਆ,
ਕਿਉਂ ਆਪਸ ਵਿਚ ਝਗੜਾ ਪਾਇਆ।

ਸਹਿਜ ਰਹੇ ਤਾਂ ਮੁੱਕ ਸਕਦੀ ਏ,
ਨਹੀਂ ਮੁੱਕਣੀ ਜੇ ਸ਼ੋਰ ਮਚਾਇਆ।

ਅਗਲੇ ਦੇ ਹੀ ਦੋਸ਼ ਨਹੀ ਸਾਰੇ,
ਆਪਣਾ ਦੋਸ਼ ਕਿਉਂ ਅਸਾਂ ਛੁਪਾਇਆ।

ਲਾਲਚ ਲੱਗ ਨਾ ਧਰਮ ਗਵਾਈਏ,
ਮੈਲ ਹੱਥਾਂ ਦੀ ਹੈ ਇਹ ਮਾਇਆ।

ਕੌੜੇ ਬੋਲ ਜੋ ਮੂੰਹੋਂ ਨਿਕਲਨ,
ਝਗੜਾ ਹੁੰਦਾ ਦੂਣ ਸਵਾਇਆ।

ਚੁਗਲਖੋਰਾਂ ਤੋ ਬਚ ਕੇ ਰਹੀਏ,
ਹਰ ਮਸਲਾ ਇਹਨਾਂ ਉਲਝਾਇਆ।

ਸਮਝਾਇ ਐ 'ਅਮਰੀਕ' ਸਿੰਘ ਨੇ,
ਝਗੜਾ ਕਰ ਕਿਉਂ ਮਗਜ਼ ਖਪਾਇਆ।

***



Sri Satguru Jagjit Singh Ji eLibrary NamdhariElibrary@gmail.com

## ਦੂਰ ਦੁਰਾਡੇ

ਤੁਰ ਗਏ ਹੋ ਤੁਸੀਂ ਦੂਰ ਦੁਰਾਡੇ।
ਹੋਏ ਅਸੀਂ ਉਦਾਸ ਹਾਂ ਡਾਹਡੇ।

ਕਿਸ ਦੇ ਕੋਲ ਹੁਣ ਜਾ ਕੇ ਬਹੀਏ,
'ਕੱਲੇ ਕਦ ਤੱਕ ਜੀਂਦੇ ਰਹੀਏ,
ਕਿਤੇ ਵੀ ਦਿਲ ਨਾ ਲਗਦੇ ਸਾਡੇ।

ਕੌਣ ਅਸਾਡਾ ਮਨ ਪਰਚਾਵੇ,
ਤੜਪਇਆ ਨੂੰ ਕੌਣ ਵਰਾਵੇ,
ਕੋਈ ਵੀ ਤੁਲ ਨਹੀਂ ਤੁਸਾਡੇ।

ਯਾਦ ਔਂਦੀਆਂ ਜਦੋਂ ਵੀ ਗੱਲਾਂ,
ਹੰਝੂਆਂ ਦਾ ਹੜ੍ਹ ਮਾਰੇ ਛੱਲਾਂ,
ਗ਼ਮ ਪਰਬਤ ਨੇ ਹੋਏ ਸਾਡੇ।

ਮੁਲਾਕਾਤ ਹੁਣ ਹੋ ਨਾ ਪਾਣੀ,
ਵਿੱਚ ਉਡੀਕਾਂ ਉਮਰ ਬਿਤਾਣੀ,
ਬਿਰਹਾ ਨਾਲ ਨੇ ਲੱਗੇ ਆਢ੍ਹੇ।

ਨਦੀ ਨਾਵ ਸੰਜੋਗੀ ਮੇਲੇ,
ਰਹਿਣੇ ਇਹ 'ਅਮਰੀਕ' ਝਮੇਲੇ,
ਫਿਰ ਹਾਂ ਲਾਇਆ ਪਾਣੀ ਹਾਂਡੇ।
***



Sri Satguru Jagjit Singh Ji eLibrary NamdhariElibrary@gmail.com

## ਉਹ ਸਮਝੋ ਰੱਬ ਹੈ

ਦੁਖੀ ਨੂੰ ਜੋ ਸੁਖੀ ਕਰ ਦੇਵੇ ਉਹ ਸਮਝੋ ਰੱਬ ਹੈ।
ਉਹ ਨਹੀਂ ਇਨਸਾਨ ਜਿਸ ਨੂੰ ਆਪਣੇ ਸੁਖ ਦਾ ਲੱਬ ਹੈ।

ਰੁੱਖ ਵਾਂਗੂ ਧੁੱਪ ਸਹਿ ਕੇ ਛਾਂ ਜੋ ਕਰਦੈ ਜਗਤ ਨੂੰ,
ਨਦੀ ਬਣ ਟਿੱਬੇ ਨੂੰ ਵੀ ਸਰ-ਸਬਜ਼ ਕਰਦਾ ਝੱਬ ਹੈ।

ਵੇਖ ਲੋਕਾਂ ਨੂੰ ਸੁਖੀ ਤਸਨੀਨ ਜੋ ਹੈ ਪਾ ਰਿਹਾ,
ਉਹ ਹੈ ਪੂਜਣ ਯੋਗ ਚੁੰਮਣਾ ਚਾਹੀਦਾ ਝੁਕ ਪੱਬ ਹੈ।

ਕਿਸੇ ਦਾ ਦੁਖ ਦਰਦ ਅਪਣੀ ਝੋਲੀ ਵਿੱਚ ਜੋ ਪਾ ਲਵੇ,
ਆਪਣੇ ਦੁੱਖ ਨੂੰ ਭੁੱਲਣਾ ਜੀਵਨ ਦਾ ਜਿਸਦਾ ਢੱਬ ਹੈ।

ਹਰ ਕਦਮ ਜਿਸ ਦਾ ਭਲਾਈ ਵੱਲ ਸਦਾ ਉਠਦਾ ਰਹੇ,
ਉਸ ਨੂੰ ਮਨੁੱਖਤਾ ਦੀ ਮੰਜ਼ਿਲ ਆਪ ਲੈਂਦੀ ਲੱਭ ਹੈ।

ਧੰਨ ਹਨ ਉਹ ਲੋਕ ਜਿਹੜੇ ਸਹਿ ਪਰਾਈ ਪੀੜ ਨੂੰ,
ਖੁਸ਼-ਨਸੀਬੀ ਸਮਝ ਲੈਣਾ ਜੀਣ ਦਾ ਕਰਤੱਬ ਹੈ।

ਤੂੰ ਵੀ ਤਾਂ 'ਅਮਰੀਕ' ਅਪਣਾ ਕੁਝ ਰਵਈਆ ਬਦਲ ਦੇ,
ਤਾਂ ਹੀ ਤੇਰਾ ਜਨਮ ਜਾਣਾ ਪੂਰਾ ਪੂਰਾ ਫੱਬ ਹੈ।

***



Sri Satguru Jagjit Singh Ji eLibrary NamdhariElibrary@gmail.com

## ਵੈਰ ਵਰੋਧ ਮਿਟਾਓ ਯਾਰੋ

ਵੈਰ ਵਰੋਧ ਮਿਟਾਓ ਯਾਰੋ।
ਪਿਆਰ ਦੇ ਨਗਮੇ ਗਾਓ ਯਾਰੋ।

ਦੁਬਿਧਾ ਧੁੱਖਦੀ ਅੱਗ ਵਰਗੀ ਹੈ,
ਇਸ ਨੂੰ ਜਲਦ ਬੁਝਾਓ ਯਾਰੋ।

ਸਭ ਆਪਣੇ ਹਨ ਕੌਣ ਪਰਾਇਆ,
ਘੁੱਟ ਘੁੱਟ ਜੱਫੀਆਂ ਪਾਓ ਯਾਰੋ।

ਦੂਈ ਦਵੈਨ ਰਹੇ ਨਾ ਜਗ 'ਤੇ,
ਐਸਾ ਢੰਗ ਅਪਨਾਓ ਯਾਰੋ।

ਹਉਮੈ ਤਿਆਗ ਘਰੀ ਲਾ ਜਾ ਕੇ,
ਰੁੱਲਿਆਂ ਤਾਈਂ ਮਨਾਓ ਯਾਰੋ।

ਭਾਵੇਂ ਗੱਲ ਬੜੀ ਹੈ ਔਖੀ,
ਤਰ ਤੋ ਸੁਖੀ ਹੋ ਜਾਓ ਯਾਰੋ।

ਰਲ ਸਾਰੇ 'ਅਮਰੀਕ ਸਿੰਘ' ਨੂੰ,
ਸਾਰੀ ਗੱਲ ਸਮਝਾਓ ਯਾਰੋ।
***



Sri Satguru Jagjit Singh Ji eLibrary NamdhariElibrary@gmail.com

# ਰੂਹ ਪਛਾਣ ਦੀ

ਚੰਗੇ ਮੰਦੇ ਨੂੰ ਜੇ ਰੂਹ ਪਛਾਣ ਦੀ।
ਵੱਡੀ ਉਪਲਭਦੀ ਹੈ ਉਸ ਇਨਸਾਨ ਦੀ।

ਦੇਵਤਾ ਬਣਨਾ ਤਾਂ ਗੱਲ ਹੈ ਦੂਰ ਦੀ,
ਬੰਦਾ ਬਣਨਾ ਵੀ ਹੈ ਗੱਲ ਵਰਦਾਨ ਦੀ।

ਆਦਤਾਂ ਬੁਰੀਆਂ ਜੋ ਕੋਈ ਛੱਡ ਸਕੇ,
ਹੈ ਨਿਸ਼ਾਨੀ ਮਨ ਦੇ ਜਿੱਤੇ ਜਾਣ ਦੀ।

ਇਕ ਇਮਾਰਤ ਉੱਚੀ ਹੈ ਇਨਸਾਨੀਅਤ,
ਲੋੜ ਹੈ ਪੌੜੀ ਚੰਗੇਰੀ ਲਾਣ ਦੀ।

ਰੱਬ ਦੇ ਬੰਦਿਆਂ ਨਾਲ ਕਰੀਏ ਪਿਆਰ ਜੇ,
ਇਹ ਵਿਧੀ ਸੌਖੀ ਹੈ ਰੱਬ ਨੂੰ ਪਾਣ ਦੀ।

ਮਨ ਦੇ ਮੰਦਰ ਵਿੱਚ ਨੇ ਭਗਵਾਨ ਵੱਸ ਰਹੇ,
ਤੀਰਥੀ ਕੀ ਲੋੜ ਧੱਕੇ ਖਾਣ ਦੀ?

ਭਾਵੇਂ ਸਭ ਕੁਝ ਜਾਣਦੈ 'ਅਮਰੀਕ ਸਿੰਘ',
ਹੈ ਜ਼ਰੂਰਤ ਫਿਰ ਵੀ ਕੁਝ ਸਮਝਾਣ ਦੀ।
***



Sri Satguru Jagjit Singh Ji eLibrary NamdhariElibrary@gmail.com

## ਭਰਾਵਾਂ ਬਾਝ ਉਦਾਸ ਦੀਵਾਲੀ

ਬਾਝ ਭਰਾਵਾਂ ਇਹ ਦੀਵਾਲੀ ਦੱਸੋ ਕਿਵੇਂ ਮਨਾਈਏ।
ਦਿਲ ਦੇ ਦੀਵੇ ਵਿਚ ਹੰਝੂਆਂ ਦਾ ਤੇਲ ਕਿੰਨਾਂ ਕੁ ਪਾਈਏ।

ਛੱਡ ਸਾਨੂੰ ਉਹ ਚਲੇ ਗਏ ਨੇ ਅਸੀਂ ਹਾਂ 'ਕੱਲ ਮੁਕੱਲੇ,
ਹੰਝੂਆਂ ਦੇ ਹੜ੍ਹ ਤਾਈਂ ਕਿਹੜਾ ਆਣ ਅਸਾਡਾ ਠੱਲੇ।

ਏਸ ਟੱਬਰ ਦੀ ਮੰਜੀ ਦੇ ਤਾਂ ਅਸੀ ਸਾਂ ਚਾਰੇ ਪਾਵੇ,
ਦੋ ਪਾਵੇ ਜਦ ਟੁੱਟ ਜਾਣ ਤਾਂ ਮੰਜੀ ਟਿਕ ਨਾ ਪਾਵੇ।

ਤੁਸੀ ਤਾਂ ਦੋਵੇਂ ਜਾ ਬੈਠੇ ਹੋ ਮਾਤ ਪਿਤਾ ਦੇ ਕੋਲੇ,
ਰਹਿ ਗਏ ਹਾਂ ਅਸੀਂ ਕੱਲੇ ਜਗ 'ਤੇ ਡੱਗ ਮੱਗ ਇਹ ਦਿਲ ਡੋਲੇ।

ਤੁਸਾਂ ਦੇ ਗਿਆਂ ਭਰਾਵੋ ਸਾਡੀ ਕੰਡ ਹੋਈ ਏ ਨੰਗੀ,
ਦੁਨੀਆ ਦੀ ਕੋਈ ਵੀ ਵਸਤੂ ਲੱਗਦੀ ਮੂਲ ਨਾ ਚੰਗੀ।

ਦੀਵਾਲੀ ਨੂੰ ਸਾਰੇ ਲੋਕਾਂ ਘਰ ਘਰ ਦੀਪ ਜਗਾਏ,
ਸਾਨੂੰ ਯਾਦ ਤੁਸਾਂ ਦੀ ਕਰਕੇ ਲੰਮੇ ਹੌਂਕੇ ਆਏ।

ਛੋਟੇ ਤੁਰ ਜਾਵਨ ਜੇ ਪਹਿਲਾਂ ਜੀਣਾ ਮਰਨੋਂ ਮੰਦਾ,
ਖੇਰੂ ਖੇਰੂ ਹੋ ਜਾਂਦਾ ਏ ਜੀਵਨ ਦਾ ਹਰ ਧੰਦਾ।

ਰਹਿਣਾ ਨਹੀਂ ਕਿਸੇ ਇਸ ਜਗ 'ਤੇ 'ਸਿੰਘ ਅਮਰੀਕ' ਇਹ ਜਾਣੇ,
ਨਹੀਂ ਵਿਛੋੜਾ ਜਰਿਆ ਜਾਂਦਾ ਆਵੇ ਰੌਣ ਖਿਵਾਣੇ।
***



Sri Satguru Jagjit Singh Ji eLibrary NamdhariElibrary@gmail.com

## ਬੇ-ਰੁਖੀ

ਹਰ ਕਿਸੇ ਦੇ ਨਾਲ ਜੋ ਕਰਦਾ ਏ ਰਹਿੰਦਾ ਬੇਰੁਖੀ।
ਹੋ ਨਹੀਂ ਸਕਦਾ ਕਦੇ ਵੀ ਉਮਰ ਭਰ ਅਸਲੋਂ ਸੁਖੀ।

ਹੈ ਮਨੁੱਖ ਸਾਊ ਜੋ ਕਰਦਾ ਹਰ ਕਿਸੇ ਨੂੰ ਪਿਆਰ ਹੈ,
ਪਾਣ ਲਈ ਗਲ਼ਵਕੜੀਆਂ ਰਹਿੰਦਾ ਸਦਾ ਤਈਆਰ ਹੈ।

ਨਫਰਤਾਂ ਦੀ ਜਿਲ੍ਹਣੋ ਰਹਿੰਦਾ ਸਦਾ ਜੋ ਦੂਰ ਹੈ,
ਉਸ ਦਾ ਜੀਵਨ ਨਾਲ ਖੁਸ਼ੀਆਂ ਦੇ ਸਦਾ ਭਰਪੂਰ ਹੈ।

ਸੁਰਤ ਜਿਸਦੀ ਨੇਕੀਆਂ ਵੱਲੋਂ ਕਦੇ ਹੱਟਦੀ ਨਹੀਂ,
ਨੇਕ ਨੀਅਤੀ ਕਾਇਮ ਰਹਿੰਦੀ ਹੈ ਜ਼ਰਾ ਘੱਟਦੀ ਨਹੀਂ।

ਦੇਵਤਾ ਹੈ ਪੂਜਾ ਉਸਦੀ ਕਰਨ ਵਿੱਚ ਕੀ ਹਰਜ ਹੈ,
ਉਸਦੇ ਪਾਏ ਪੂਰਨੇ ਤੇ ਚੱਲਣਾ ਸਾਡਾ ਫਰਜ਼ ਹੈ।

ਚੰਗੇ ਪੁਰਸ਼ ਘੱਟ ਹੀ ਮਿਲਦੇ ਨੇ ਸੰਸਾਰ 'ਤੇ,
ਜਿੰਨ੍ਹਾਂ ਨੇ ਆ ਕੇ ਬੜੇ ਲੋਕੀ ਡੁੱਬਦੇ ਤਾਰ 'ਤੇ।

ਤੂੰ ਵੀ ਐ 'ਅਮਰੀਕ' ਉਹਨਾਂ ਦੀ ਹੀ ਸੁਹਬਤ ਵਿੱਚ ਰਹੀ,
ਮੂਰਖਾਂ ਦੇ ਕੋਲ ਜਾ ਕੇ ਪਲ ਕਦੇ ਵੀ ਨਾ ਬਹੀ।
***



Sri Satguru Jagjit Singh Ji eLibrary NamdhariElibrary@gmail.com

# ਉਮਰ ਨਾਲ

ਉਮਰ ਨਾਲ ਜੋਸ਼ ਕਿਤੇ ਲਹਿ ਹੀ ਨਾ ਜਾਏ।
ਮਸਤੀ ਪੱਕਾ ਰੰਗ ਕਿਤੇ ਲਹਿ ਹੀ ਨਾ ਜਾਏ।

ਉੱਠਿਆ ਤੂਫਾਨ ਰਿਹਾ ਸੀਨੇ 'ਚ ਹਮੇਸ਼ ਜਿਹੜਾ,
ਉਮਰ ਵਡੇਰੀ ਵਿੱਚ ਲਹਿ ਹੀ ਨਾ ਜਾਏ।

ਮੰਨਿਆ ਕਿ ਲਿਖ ਲਿਖ ਘਸ ਗਈ ਕਾਨੀ ਤੇਰੀ,
ਲਿਖਣ ਵਾਲੈ ਬੜਾ ਕੁਝ ਰਹਿ ਹੀ ਨਾ ਜਾਏ।

ਕੀਤਾ ਸੀ ਇਰਾਦਾ ਜਬਰ ਜੱਗ ਤੋਂ ਹਟਾਣ ਵਾਲਾ,
ਜਬਰ ਤੋਂ ਰੂਹ ਤੇਰੀ ਕਿਤੇ ਛਹਿ ਹੀ ਨਾ ਜਾਏ।

ਭ੍ਰਿਸ਼ਟਾਚਾਰੀ ਰਾਜ ਜੋ ਮਿਟਾਣਾ ਸੀ ਜਹਾਨ ਉਤੋਂ,
ਤੇਰੇ ਬਿਨ ਮਿਲ ਉਹਨੂੰ ਸ਼ਹਿ ਹੀ ਨਾ ਜਾਏ।

ਮੌਤ ਕੋਲੋਂ ਕੁਝ ਸਮਾਂ ਧੱਕੇ ਨਾਲ ਮੰਗ ਲੀਤੈ,
ਕੰਮ ਪੂਰਾ ਹੋਣੋ ਪਹਿਲਾਂ 'ਲੈ' ਹੀ ਨਾ ਜਾਏ।

ਸੁਸਤੀ ਨੂੰ ਛੱਡ ਤੂੰ ਪਿਆਰੇ 'ਅਮਰੀਕ ਸਿੰਘ',
ਲੀਹ ਕੁਝ ਕਰਨ ਵਾਲੀ 'ਮੈਂ' ਹੀ ਨਾ ਜਾਏ।

ਐਸਾ ਕੁਝ ਲਿਖ ਜਾ ਮਨੁੱਖਤਾ ਦੇ ਭਲੇ ਲਈ,
ਸਮੇਂ ਦੀ ਹਨੇਰੀ ਨਾਲ ਢਹਿ ਹੀ ਨਾ ਜਾਏ।
***



Sri Satguru Jagjit Singh Ji eLibrary NamdhariElibrary@gmail.com

## ਕਰੋ ਭੁਲੇਖੇ ਸਾਰੇ ਦੂਰ

ਕਰੋ ਭੁਲੇਖੇ ਸਾਰੇ ਦੂਰ।
ਕਦੇ ਨਾ ਹੋਵੋਗੇ ਮਜਬੂਰ।

ਵਹਿਮ ਜੋ ਮਨ 'ਤੇ ਭਾਰੂ ਹੋਏ,
ਕਰ ਦੇਵੋ ਸਭ ਚਕਨਾਚੂਰ।

ਅਣਹੋਣੀ ਜੋ ਗੱਲ ਹੈ ਕਰਦਾ,
ਸਮਝੋ ਹੈ ਉਹ ਨਿਰਾ ਫਤੂਰ।

ਬਣੇ ਫਿਰਨ ਜੋ ਰੱਬ ਦੇ ਸਾਂਢੂ,
ਕੰਚਨ ਨਹੀਂ ਉਹ ਹੈਣ ਮਨੂਰ।

ਮਾਨਵਤਾ ਦਾ ਬੁਰਕਾ ਪਾ ਕੇ,
ਕਰਨ ਘਨੌਣੇ ਸਦਾ ਕਸੂਰ।

ਭ੍ਰਿਸ਼ਟਾਚਾਰੀ ਆਪ ਨੇ ਅੱਤ ਦੇ,
ਸਦਾਚਾਰੀ ਬਣ ਕਰਨ ਗ਼ਰੂਰ।

ਐ 'ਅਮਰੀਕ' ਇਹਨਾਂ ਤੋਂ ਬਚਿਓ,
ਮੇਰੀ ਅਰਜ਼ ਕਰੋ ਮਨਜ਼ੂਰ।

***



Sri Satguru Jagjit Singh Ji eLibrary NamdhariElibrary@gmail.com

## ਧੱਕੇਸ਼ਾਹੀ

ਜਦੋਂ ਤੱਕ ਧੱਕੇਸ਼ਾਹੀ ਜੱਗ ਉਤੇ ਰਹੇਗੀ।
ਉਦੋਂ ਤੱਕ ਕਦੇ ਵੀ ਬਹਾਲੀ ਨਹੀਂ ਬਹੇਗੀ।

ਜੋਰਾਵਰ ਕਮਜ਼ੋਰਾਂ ਤਾਈਂ ਜਾਂ ਦਬਾਣਗੇ,
ਕਮਜ਼ੋਰ ਉੱਠ ਰੌਲਾ ਪੂਰਾ ਪੂਰਾ ਪਾਣਗੇ।

ਏਸੇ ਰੌਲੇ ਜੱਗ ਨੂੰ ਨਾ ਸ਼ਾਂਤ ਹੋਣ ਦੇਣਾ ਏ,
ਰੌਲਾ ਗੌਲਾ ਏਸੇ ਤਰ੍ਹਾਂ ਬਣਿਆ ਹੀ ਰਹਿਣਾ ਏ।

ਜ਼ੋਰਾਵਰਾਂ ਆਪਣੀ ਨਾ ਆਦਤ ਤਿਆਗਣੀ,
ਕਮਜ਼ੋਰਾਂ ਸਦਾ ਤੋਪ ਰੌਲੇ ਦੀ ਹੈ ਦਾਗਣੀ।

ਸਦੀਆਂ ਤੋਂ ਟਾਕਰਾ ਇਹ ਚੱਲਦਾ ਹੀ ਆਉਂਦਾ ਏ,
ਕੋਈ ਵੀ ਨਾ ਪਿੱਛੇ ਪੈਰ ਆਪਣਾ ਹਟਾਉਂਦਾ ਏ।

ਜਾਪਦੈ ਬੇਚੈਨੀ ਏਸ ਸਦਾ ਲਈ ਰਹਿਣਾ ਏ,
ਜ਼ੋਰਾਵਰਾਂ ਹਟਣਾ ਨਹੀਂ ਮਾੜਿਆਂ ਨਾ ਬਹਿਣਾ ਏ।

ਅੰਤ ਕਮਜ਼ੋਰ ਇਹ ਤਹਈਆ ਕਰ ਲੈਣਗੇ,
'ਕੱਠੇ ਹੋਕੇ ਜ਼ੋਰਾ ਵਰਾਂ ਗਲ਼ ਉੱਠ ਪੈਣਗੇ।

ਉਸ ਦਿਨ ਤਾਈਂ 'ਅਮਰੀਕ' ਹੈ ਉਡੀਕਦਾ,
ਜ਼ੋਰਾਵਰ ਰਹੇਗਾ ਨਾ ਮਾੜੇ ਨੂੰ ਧਰੀਕਦਾ।
***



Sri Satguru Jagjit Singh Ji eLibrary NamdhariElibrary@gmail.com

## ਅਤੀਤ ਨੂੰ ਆਲੋਚਦੈ

ਬੰਦਾ ਜਿਹੜਾ ਆਪਣੇ ਅਤੀਤ ਨੂੰ ਅਲੋਚਦੈ।
ਆਪਣੇ ਭਵਿਖ ਬਾਰੇ ਓਹੀ ਚੰਗਾ ਸੋਚਦੈ।

ਕੀਤੇ ਹੋਏ ਕੰਮਾਂ ਤਾਈਂ ਘੋਖਦੈ ਵੀਚਾਰਦੈ,
ਗਲਮੇ 'ਚ ਆਪਣੇ ਜੋ ਝਾਤੀ ਪੂਰੀ ਮਾਰਦੈ।

ਜੀਵਨ ਦੀ ਦੌੜ ਵਿੱਚ ਓਹੀ ਕਾਮਯਾਬ ਹੈ,
ਹੁੰਦਾ ਉਹਦਾ ਕਦੇ ਵੀ ਭਵਿੱਖ ਨਾ ਖਰਾਬ ਹੈ।

ਚੰਗੇ ਇਨਸਾਨਾਂ ਦੀ ਜੋ ਕਰੇ ਰੀਸ ਰੱਜ ਕੇ,
ਮਿਲਦੈ ਨਸੀਬ ਉਹਨੂੰ ਅਗੋਂ ਪੂਰਾ ਭੱਜ ਕੇ।

ਜਿੰਨ੍ਹਾਂ ਨੇ ਵੀ ਸਫਲਤਾ ਨੂੰ ਦੁਨੀਆ 'ਤੇ ਪਾਇਆ ਏ,
ਆਪਣੇ ਅਤੀਤ ਨੂੰ ਨਾ ਉਹਨਾਂ ਨੇ ਭੁਲਾਇਆ ਏ।

ਉਹਨਾਂ ਦੀ ਹੀ ਗੱਲ ਅੱਜ ਛੇੜਦਾ ਜਹਾਨ ਏ,
ਤੁਰ ਗਏ ਨੇ ਭਾਵੇਂ ਹੁੰਦਾ ਪਿਆ ਸਨਮਾਨ ਏ।

ਤੂੰ ਵੀ 'ਅਮਰੀਕ' ਜੇ ਭਵਿੱਖ ਨੂੰ ਸਵਾਰਨਾ,
ਆਪਣੇ ਅਤੀਤ ਨੂੰ ਨਾ ਕਦੇ ਵੀ ਵਿਸਾਰਨਾ।

***



Sri Satguru Jagjit Singh Ji eLibrary NamdhariElibrary@gmail.com

## ਨੱਬਿਓਂ ਪਾਰ

ਹੋ ਚੱਲਿਆ ਹਾਂ ਨੱਬਿਓਂ ਪਾਰ, ਕੀਤਾ ਕੋਈ ਨਹੀਂ ਉਪਕਾਰ,
ਕਿਸੇ ਡਿੱਗੇ ਨੂੰ ਨਹੀਂ ਉਠਾਇਆ, ਦੁਖੀ ਖੜ੍ਹੇ ਨੂੰ ਨਹੀਂ ਬਿਠਾਇਆ,
ਕੀ ਹੋਇਆ ਜੀਵਨ ਦਾ ਸਾਰ, ਹੋ ਚੱਲਿਆ ਹਾਂ ਨੱਬਿਓਂ ਪਾਰ।

ਭੁੱਖੇ ਕਿਸੇ ਨੂੰ ਨਹੀਂ ਰਜਾਇਆ, ਰੋਂਦੇ ਕਿਸੇ ਨੂੰ ਨਹੀਂ ਹਸਾਇਆ,
ਐਵੇ ਰਿਹਾ ਤੂੰ ਹੈਂ ਝੱਖ ਮਾਰ, ਹੋ ਚੱਲਿਆ ਹਾਂ ਨੱਬਿਓਂ ਪਾਰ,

ਕਿਸੇ ਅਨਾਥ ਸਿਰ ਹਥ ਨਾ ਧਰਿਆ, ਵੇਖ ਦੁਖੀ ਨਾ ਹੰਝੂ ਝਰਿਆ,
ਦਿੱਤਾ ਕਿਸੇ ਦੇ ਸਿਰ ਨਾ ਪਿਆਰ, ਹੋ ਚੱਲਿਆ ਹਾਂ ਨੱਬਿਓਂ ਪਾਰ।

ਮਿੱਠੜੇ ਬੋਲ ਕਦੇ ਨਾ ਬੋਲੇ, ਕਿਸੇ ਦੇ ਦਿਲ ਦੇ ਭੇਤ ਨਾ ਖੋਲ੍ਹੇ,
ਸਕਿਓਂ ਤਪੇ ਨਾ ਸੀਨੇ ਠਾਰ, ਹੋ ਚੱਲਿਆ ਹਾਂ ਨੱਬਿਓਂ ਪਾਰ।

ਰੁੱਖ ਬਣ ਕਿਸੇ ਤੇ ਛਾਂ ਨਾ ਕੀਤੀ, ਪੀੜ ਕਿਸੇ ਦੀ ਕਦੇ ਨਾ ਪੀਤੀ,
ਫਿਰਦਾ ਰਿਹੋਂ ਤੂੰ ਵਿੱਚ ਹੰਕਾਰ, ਹੋ ਚੱਲਿਆ ਹਾਂ ਨੱਬਿਓਂ ਪਾਰ।

ਪਸ਼ੂ ਵਾਂਗ ਆਪਣਾ ਢਿੱਡ ਭਰਿਆ, ਲਈ ਗਵਾਂਢੀ ਕੀ ਕਰ ਸਕਿਆ ?
ਜਨਮ ਅਮੁੱਲਾ ਚੱਲਿਓਂ ਹਾਰ, ਹੋ ਚਲਿਆ ਹਾਂ ਨੱਬਿਓਂ ਪਾਰ।

ਕੀ ਤੈਨੂੰ 'ਅਮਰੀਕ' ਸੁਨਾਈਏ, ਜਾਗਦੇ ਹੋਏ ਨੂੰ ਕਿਵੇਂ ਜਗਾਈਏ,
ਕਿਉਂ ਬੈਠਾ ਹੈਂ ਘੇਸਲ ਮਾਰ, ਹੋ ਚੱਲਿਆ ਹਾਂ ਨੱਬਿਓਂ ਪਾਰ,
ਕੀਤਾ ਕੋਈ ਨਹੀਂ ਉਪਕਾਰ ਹੋ ਚੱਲਿਆ ਹਾਂ ਨੱਬਿਓਂ ਪਾਰ।
***



Sri Satguru Jagjit Singh Ji eLibrary NamdhariElibrary@gmail.com

## ਜੀਵਨ ਸੰਗਰਾਮ ਹੈ

ਜੀਵਨ ਇਕ ਸੰਗਰਾਮ ਹੈ ਯਾਰੋ।
ਗੱਲ ਮੇਰੀ ਇਲਹਾਮ ਹੈ ਯਾਰੋ।

ਜੂਝਦਾ ਹੈ ਜੋ ਸੂਰਮਾ ਬਣ ਕੇ,
ਰਹਿੰਦਾ ਉਸ ਦਾ ਨਾਮ ਹੈ ਯਾਰੋ।

ਸੰਕਟ ਦੀ ਪਰਵਾਹ ਨਹੀ ਕਰਦਾ,
ਰੌਸ਼ਨ ਹਰ ਅੰਜਾਮ ਹੈ ਯਾਰੋ।

ਹਰ ਔਕੜ ਦਾ ਨਾਲ ਹੌਸਲੇ,
ਕਰਦਾ ਕਾਮ ਤੁਮਾਮ ਹੈ ਯਾਰੋ।

ਪਿੱਠ ਵਖਾਂਦੈ ਜੋ ਮੈਦਾਨੋਂ,
ਹੁੰਦਾ ਸਦ ਬਦਨਾਮ ਹੈ ਯਾਰੋ।

ਗਿਣਿਆ ਜਾਂਦੈ ਸੂਰਮਾ ਓਹੀ,
ਕਰੇ ਮੁਸੀਬਤ ਲਾਮ੍ਹ ਹੈ ਯਾਰੋ।

ਕਹਿ ਦੇਵੋ 'ਅਮਰੀਕ ਸਿੰਘ' ਨੂੰ,
ਜਨਮ ਨਹੀਂ ਇਹ ਆਮ ਹੈ ਯਾਰੋ।

***



Sri Satguru Jagjit Singh Ji eLibrary NamdhariElibrary@gmail.com

# ਮਿੱਠੀਆਂ ਮਿੱਠੀਆਂ ਯਾਦਾਂ

ਮਿੱਠੀਆਂ ਮਿੱਠੀਆਂ ਯਾਦਾਂ ਦੇ ਸੰਗ ਸੀਨਾ ਮੇਰਾ ਭਰਿਆ।
ਜਿਵੇਂ ਕੀਮਤੀ ਇਕ ਖਜ਼ਾਨਾ ਵਕਤ ਨੇ ਸਾਂਭ ਕੇ ਧਰਿਆ।

'ਕੱਲਾ ਬਹਿ ਕੇ ਏਸ ਖਜ਼ਾਨੇ ਦਾ ਮੈਂ ਕੁੰਡਾ ਖੋਲ੍ਹਾਂ,
ਹੀਰੇ ਮੋਤੀਆਂ ਵਰਗੀਆਂ ਯਾਦਾਂ ਵਿੱਚ ਖ਼ਿਆਲ ਟਟੋਲਾਂ।

ਯਾਦਾਂ ਹੀ ਮੇਰੇ ਜੀਵਨ ਦਾ ਨੇ ਵੱਡਾ ਸਰਮਾਇਆ,
ਇਹਨਾਂ ਨੇ ਹੀ ਜੀਨ ਦਾ ਮੈਨੂੰ ਵਧੀਆ ਢੰਗ ਸਿਖਾਇਆ।

ਯਾਦਾਂ ਵਿਚੋਂ ਉਹ ਚਿਹਰੇ ਵੀ ਨਜ਼ਰੀ ਆ ਨੇ ਜਾਂਦੇ,
ਬਹੁਤ ਦੇਰ ਹੋਈ ਜੋ ਤੁਰ ਗਏ ਕਦੇ ਨਾ ਮੁੱਖ ਦਿਖਲਾਂਦੇ।

ਜਿੰਨ੍ਹਾਂ ਨਾਲ ਮੈਂ ਹੱਸ ਖੇਡਿਆ, ਤੋੜ ਗਏ ਉਹ ਯਾਰੀ,
ਪਰ ਸੀਨੇ ਦੀ ਨੁਕਰੇ ਧਰ ਗਏ ਯਾਦਾਂ ਭਰੀ ਪਟਾਰੀ।

ਜੀਵਨ ਭਰ ਇਹ ਨਹੀਂ ਮੁੱਕਣੀਆਂ ਭਾਵੇਂ ਨਿਤ ਫਰੋਲਾਂ,
ਬਿਰਹਾਂ ਦੇ ਸਾਗਰ ਵਿੱਚ ਮਿੱਠਤ ਯਾਦਾਂ ਦੀ ਨਿੱਤ ਘੋਲਾਂ।

ਸਮਝਾਇਐ ਅਮਰੀਕ ਸਿੰਘ ਨੂੰ ਬੈਠ ਨਾ ਨਿੰਮੋਝੂਣਾਂ,
ਖੋਲ੍ਹ ਖਜ਼ਾਨਾ ਬਹਿ ਜਾਇਆ ਕਰ ਜੋ ਹੋਣਾ ਨਹੀ ਊਣਾਂ।
***



Sri Satguru Jagjit Singh Ji eLibrary NamdhariElibrary@gmail.com

## ਜੀਵਨ ਮੁੱਕ ਹੈ ਜਾਂਦਾ

ਕੱਲ੍ਹ ਪਰਸੋਂ ਹੀ ਕਰਦੇ ਕਰਦੇ ਜੀਵਨ ਹੈ ਮੁੱਕ ਜਾਂਦਾ।
ਸੁਆਸ ਬੰਦੇ ਦੇ ਰੁਕ ਜਾਂਦੇ ਪਰ ਵਕਤ ਨਹੀ ਰੁੱਕ ਪਾਂਦਾ।

ਕੌਣ ਰੋਕੇਗਾ ਸਾਰੇ ਜੱਗ ਦੀਆਂ ਵੱਡੀਆਂ ਨਿੱਕੀਆ ਘੜੀਆਂ,
ਕੁਝ ਕੰਧਾਂ 'ਤੇ ਟੰਗੀਆਂ ਹੋਈਆਂ ਕੁਝ ਗੁੱਟਾਂ 'ਤੇ ਮੜ੍ਹੀਆਂ।

ਸਾਰੀ ਦੁਨੀਆਂ ਭੱਜੀ ਫਿਰਦੀ ਵਕਤ ਰੋਕਣਾ ਚਾਹਵੇ,
ਇਹ ਹੈ ਅੱਥਰਾ ਘੋੜਾ ਜਿਸ ਦੀ ਚਾਲ ਨਾ ਰੋਕੀ ਜਾਵੇ।

ਵੱਡਿਆਂ ਵੱਡਿਆਂ ਜ਼ੋਰ ਹੈ ਲਾਇਆ ਕਾਬੂ ਸਮੇਂ ਨੂੰ ਕਰੀਏ,
ਪਰ ਇਹ ਬੇਕਾਬੂ ਹੀ ਰਹਿੰਦਾ ਕਿੰਨਾ ਭੱਜ ਭੱਜ ਮਰੀਏ।

ਐਸੇ ਸਮੇਂ ਦੀ ਘਾਟ ਹੈ ਰਹਿੰਦੀ ਮਨਾਂ ਦੇ ਵਿੱਚ ਸਮਾਈ,
ਜਦੋਂ ਕਿਸੇ ਨੇ ਸਮੇਂ ਨੂੰ ਫੜ ਕੇ ਨੱਕ ਵਿੱਚ ਨੱਥ ਹੈ ਪਾਈ।

ਤੂੰ ਵੀ ਤਾਂ 'ਅਮਰੀਕ ਸਿੰਘ' ਨਾ ਸਮੇਂ ਦੀ ਸਾਰ ਹੈ ਜਾਣੀ,
ਪਛਤਾਏਂਗਾ ਖੂੰਜੇ ਬਹਿਕੇ ਉਮਰ ਨਹੀਂ ਹੱਥ ਆਣੀ।

ਜਦੋਂ ਕਿਸੇ ਨੇ ਸਮੇਂ ਦੀ ਪੂਰੀ ਪੂਰੀ ਕਦਰ ਹੈ ਜਾਣੀ,
ਇਤਿਹਾਸਾਂ ਵਿੱਚ ਉਸ ਵਕਤ ਦੀ ਰਹੇ ਅਟੱਲ ਨਿਸ਼ਾਨੀ।
***



Sri Satguru Jagjit Singh Ji eLibrary NamdhariElibrary@gmail.com

## ਦੋ ਵਕਤਾਂ ਦੀ ਰੋਟੀ ਖਾਤਰ

ਦੋ ਵਕਤਾਂ ਦੀ ਰੋਟੀ ਖਾਤਰ ਬੰਦਾ ਪੁਆੜੇ ਕਰਦੈ ਫਿਰਦੈ।
ਸਿਰੀਆਂ ਸੱਪਾਂ ਦੀਆਂ ਮਿੱਧਣੋਂ ਅਸਲੋਂ ਹੀ ਨਹੀਂ ਡਰਦੈ।

ਧਰਤੀ ਦੀ ਛਾਤੀ ਵਿੰਨ੍ਹ ਸੁੱਟਦੈ ਉਡਦੈ ਵਿਚ ਅਕਾਸ਼ਾਂ,
ਟੀਸੀਆਂ ਉੱਤੇ ਚੜ੍ਹਨ ਵਾਸਤੇ ਜਾਨ ਤਲੀ 'ਤੇ ਧਰਦੈ।

ਲੋਹੇ ਦੇ ਵਿੱਚ ਜਾਨ ਪਾ ਦੇਂਦੈ ਤੇਜ਼ ਚਾਲੋਂ ਜੋ ਭੱਜੇ,
ਪੂਰਾ ਪਿੰਡ ਸਵਾਰ ਕਰਾਕੇ ਰੋਜ਼ ਉਡਾਣ ਭਰਦੈ।

ਬਹੁਤ ਭਾਰੀਆਂ ਰੇਲਾਂ ਇਸ ਨੇ ਉੱਤੇ ਧਰਤ ਚਲਾਈਆਂ,
ਨਾਲ ਹਵਾ ਦੇ ਕਰਨ ਜੋ ਗੱਲਾਂ ਨਹੀ ਚੜ੍ਹਦਾ ਜੋ ਝਰਦੈ।

ਵਿੱਚ ਬਾਜ਼ਾਰ ਖੁੱਲ੍ਹੀਆਂ ਹੋਈਆਂ ਹੈਣ ਹਜ਼ਾਰਾਂ ਹੱਟੀਆਂ,
ਝੂਠ ਬੋਲ ਹੱਟ ਬਾਣੀਏ ਰੋਟੀ ਲਈ ਤਜੋਰੀ ਭਰਦੈ।

ਦੁੱਧ ਵਿਚ ਪਾਣੀ ਪਾ ਪਾ ਵੇਚਣ ਦਿਨ ਦੀ ਵੀ ਹਲਵਾਈ,
ਚਿੱਟਾ ਵੇਖ ਹੀ ਪੀਵਣ ਲੋਕੀ ਬਿਨ ਪੀਤੇ ਨਾ ਸਰਦੈ।

ਸੋਨੇ ਦੀ ਰੋਟੀ ਵੀ ਅੱਜ ਤੱਕ ਨਹੀਂ ਕਿਸੇ ਨੇ ਖਾਧੀ,
ਮਾਇਆ ਕੱਠੀ ਕਰਨ ਦੀ ਖਾਤਰ ਫਿਰ ਕਿਉਂ ਦੁੱਖੜੇ ਜਰਦੈ।

ਪਤਾ ਵੀ ਹੈ 'ਅਮਰੀਕ ਸਿੰਘ' ਨੂੰ ਨਾਲ ਨਹੀਂ ਕੁਝ ਜਾਣਾ,
ਫੇਰ ਵੀ ਟਿਕ ਉਹ ਬਹਿੰਦਾ ਨਹੀਂ ਪਿਆ ਅਕਲ 'ਤੇ ਪਰਦੈ।
***



Sri Satguru Jagjit Singh Ji eLibrary NamdhariElibrary@gmail.com

# ਅੱਧੀ ਦੁਨੀਆ ਹੈ ਬੀਮਾਰ

ਕਿਸ ਕਿਸ ਦੀ ਤੁਸੀਂ ਲਵੋਂਗੇ ਸਾਰ, ਅੱਧੀ ਦੁਨੀਆ ਹੈ ਬੀਮਾਰ।
ਫੂਕ ਤਾਪ ਹੈ ਕਿਸੇ ਨੂੰ ਚੜ੍ਹਿਆ, ਬੜੇ ਦਿਨਾਂ ਦਾ ਮੰਜਾ ਫੜ੍ਹਿਆ,
ਬਹੁਤ ਦੁਖੀ ਤੇ ਹੈ ਬੇਜ਼ਾਰ, ਅੱਧੀ ਦੁਨੀਆ ਹੈ ਬੀਮਾਰ।

ਕਿਸੇ ਨੂੰ ਪੇਟ ਪਈ ਏ ਪੀੜ, ਸੁੱਕ ਹੋਇਆ ਏ ਵਾਂਗ ਹਰੀੜ,
ਢਿੱਡ ਦੀ ਪੀੜ ਤੋਂ ਗਿਆ ਏ ਹਾਰ, ਅੱਧੀ ਦੁਨੀਆਂ ਹੈ ਬੀਮਾਰ।

ਹੋਇਆ ਕਿਸੇ ਨੂੰ ਹੈ ਅਧਰੰਗ, ਇਕ ਪਾਸੇ ਦੇ ਖੜ੍ਹ ਗਏ ਅੰਗ,
ਨਾ ਜੀਂਦਾ ਨਾ ਹੋਇਆ ਪਾਰ, ਅੱਧੀ ਦੁਨੀਆ ਹੈ ਬੀਮਾਰ।

ਲੱਗਾ ਕਿਸੇ ਨੂੰ ਦਿਲ ਦਾ ਰੋਗ, ਦੁੱਖ ਰਿਹਾ ਏ ਬੜਾ ਹੀ ਭੋਗ,
ਜੀਆਂ 'ਤੇ ਬਣਿਆ ਹੈ ਭਾਰ, ਅੱਧੀ ਦੁਨੀਆ ਹੈ ਬੀਮਾਰ।

ਤੇਜ਼ ਦੇ ਪਹੀਆ ਕਿਸੇ ਚਲਾਇਆ, ਡਿਗ ਕੇ ਹਰ ਇਕ ਅੰਗ ਤੁੜਾਇਆ,
ਗਲ਼ ਪਾਇਆ ਬਾਹਾਂ ਦਾ ਹਾਰ, ਅੱਧੀ ਦੁਨੀਆ ਹੈ ਬੀਮਾਰ।

ਦਮੇ ਨੇ ਕਿਸੇ ਨੂੰ ਬੜਾ ਸਤਾਇਆ, ਕਦੇ ਵੀ ਸੌਖਾ ਸਾਹ ਨਾ ਆਇਆ,
ਸੁੱਟੇ ਚਾਰ ਚੁਫੇਰ ਖੰਘਾਰ, ਅੱਧੀ ਦੁਨੀਆ ਹੈ ਬੀਮਾਰ।

ਸ਼ੂਗਰ ਦੇ ਨੇ ਬੜੇ ਮਰੀਜ਼, ਖਾ ਸਕਦੇ ਨਾ ਮਿੱਠੀ ਚੀਜ਼,
ਫਿਕੀਆਂ ਵਸਤਾਂ ਨਾਲ ਵਿਹਾਰ, ਅੱਧੀ ਦੁਨੀਆ ਹੈ ਬੀਮਾਰ।

ਕੋਈ ਗਰੀਬੀ ਤੋਂ ਹੈ ਤੰਗ, ਕਿਸੇ ਨੂੰ ਮਾਇਆ ਮਾਰਿਆ ਡੰਗ,
ਕਹਿਣ ਕਿ ਮਾਇਆ ਹੈ ਬੇਕਾਰ, ਅੱਧੀ ਦੁਨੀਆ ਹੈ ਬੀਮਾਰ।

ਪੁੱਤਰਾਂ ਹੱਥੋਂ ਔਖੇ ਕੋਈ, ਦੁਖੀ ਨੇ ਕਈ ਔਲਾਦ ਨਾ ਹੋਈ,
ਉਹ ਰਹੇ ਨੇ ਅਰਜ਼ ਗੁਜਾਰ, ਅੱਧੀ ਦੁਨੀਆ ਹੈ ਬੀਮਾਰ।

ਰੱਬ ਦਾ ਸ਼ੁਕਰ ਮਨਾ 'ਅਮਰੀਕ', ਅਜੇ ਤੀਕ ਹੈ ਫਿਰਦਾ ਠੀਕ,
ਉਸ ਦੀ ਮਿਹਰ ਦਾ ਨਹੀਂ ਸ਼ੁਮਾਰ, ਅੱਧੀ ਦੁਨੀਆ ਹੈ ਬੀਮਾਰ।

***



Sri Satguru Jagjit Singh Ji eLibrary NamdhariElibrary@gmail.com

## ਸੁਖ ਹੈ ਲੈਣਾ ਚਾਹ ਰਹੇ

ਸੁਖ ਸਦੀਵੀ ਜੇ ਹੋ ਲੈਣਾ ਚਾਹ ਰਹੇ।
ਹਉਮੈ ਪਰਬਤ ਕਿਉਂ ਨਹੀਂ ਹੋ ਢਾਹ ਰਹੇ।

ਰੋਗ ਵੱਡੇ ਹਉਮੈ ਤੇ ਹੰਕਾਰ ਦੇ,
ਵੈਦ ਸਭ ਕੰਨਾਂ ਨੂੰ ਹੱਥ ਨੇ ਲਾ ਰਹੇ।

ਸੱਤ ਸਮੁੰਦਰੋਂ ਪਾਰ ਲੋਕੀ ਪਹੁੰਚਦੇ,
ਰੋਗ ਦੋਵੇਂ ਨਾਲ ਹੀ ਲੈ ਜਾ ਰਹੇ।

ਪਾਠ ਪੂਜਾ ਜਪ ਤੇ ਤਪ ਕੀਤਾ ਬੜਾ,
ਹਉਮੈ ਵਿਚ ਸਭ ਕੁਝ ਹੀ ਨੇ ਗੰਵਾ ਰਹੇ।

ਬਿਤੋਂ ਬਹੁਤਾ ਦਾਨ ਵੀ ਕਰਦੇ ਰਹੇ,
'ਮੈਂ ਹੈ ਕੀਤਾ' ਆਖ ਕਰ ਨੇ ਸੁਆਹ ਰਹੇ।

ਬਣਨ ਲਈ ਵਿਦਵਾਨ ਕਾਸ਼ੀ ਵੀ ਗਏ,
ਨਾਲ ਹੀ ਹੰਗਤਾ ਵੀ ਲੈ ਕੇ ਆ ਰਹੇ।

ਬਹੁਤ ਸਮਝਾਇਆ ਏ 'ਸਿੰਘ ਅਮਰੀਕ' ਨੂੰ,
ਬੋਲ ਮੇਰੇ ਉਸ ਨੂੰ ਸੁਣ ਨਾ ਪਾ ਰਹੇ।
***



Sri Satguru Jagjit Singh Ji eLibrary NamdhariElibrary@gmail.com

# ਜੀਵਨ ਉੱਜਲਾ ਰੱਖਣਾ ਏ

ਜੀਵਨ ਜੇਕਰ ਉੱਜਲਾ ਉੱਜਲਾ ਰੱਖਣਾ ਏ।
ਮਹੁਰਾ ਕੂੜ ਕਪਟ ਦਾ ਕਦੇ ਨਾ ਚੱਖਣਾ ਏ।

ਅੰਦਰ ਜ਼ਹਿਰ ਇਹ ਜੇਕਰ ਪੂਰਾ ਰਚ ਜਾਵੇ,
ਘੱਟ ਨਾ ਕਰੇ ਨਾ ਇਸਨੂੰ ਕਦੇ ਪਰੱਖਣਾ ਏ।

ਪਤਾ ਨਹੀਂ ਲੱਗਦਾ ਕਦੋਂ ਇਹ ਮਨ ਵਿਚ ਧੱਸ ਜਾਂਦੈ,
ਬੜੇ ਸਿਆਣੀਆਂ ਵੀ ਨਾ ਇਸ ਨੂੰ ਲਖ਼ਣਾ ਏ।

ਸ਼ੀਸ਼ੇ ਵਰਗਾ ਮਨ ਰੱਖ ਅਪਣਾ ਚਿਹਰਾ ਵੇਖ ਲਵੋ,
ਪਿਆਰ ਹੈ ਜਿਸ ਦੇ ਨਾਲ ਨਾ ਕਦੇ ਹਰਖਣਾ ਏ।

ਗੁੱਸਾ ਹੈ ਚੰਡਾਲ ਭ੍ਰਿਸ਼ਟ ਕਰ ਦੇਵੇਗਾ,
ਗੱਲ ਮਾਮੂਲੀ ਤੋਂ ਕਿਸੇ ਦੇ ਨਾਲ ਨਾ ਭਖਣਾ ਏ।

ਨਿੰਮ੍ਰਤਾ ਹੈ ਕੀਮਤੀ ਗਹਿਣਾ ਹਰਦਮ ਪਹਿਣ ਰੱਖੋ,
ਉਹ ਕਾਹਦੈ ਇਨਸਾਨ ਜੋ ਇਸ ਤੋਂ ਅਸਲੋਂ ਸੱਖਣਾ ਏ।

ਗੱਲਾਂ ਹੀ ਨਾ ਕਰਿਆ ਕਰ 'ਅਮਰੀਕ ਸਿੰਘ',
ਅਮਲ ਵੀ ਕਰ ਜੇ ਰਹਿਣਾ ਸਦਾ ਸੁਲੱਖਣਾ ਏ।
***



Sri Satguru Jagjit Singh Ji eLibrary NamdhariElibrary@gmail.com

# ਕਦੇ ਸੁਖ ਮਿਲ ਨਹੀਂ ਸਕਦਾ

ਕਿਸੇ ਦੇ ਦਿਲ ਨੂੰ ਦੁੱਖ ਦਈਏ, ਕਦੇ ਸੁਖ ਮਿਲ ਨਹੀਂ ਸਕਦਾ।
ਭਲਾਈ ਕਰਦੇ ਹੀ ਰਹੀਏ, ਕਦੇ ਦੁੱਖ ਮਿਲ ਨਹੀਂ ਸਕਦਾ।

ਭਲੇ ਲੋਕਾਂ ਦੀ ਸੰਗਤ ਸਦਾ ਪਰੇਰੇ ਵੱਲ ਭਲਾਈ ਦੇ,
ਜੇ ਬੁਰਿਆਂ ਕੋਲ ਨਿੱਤ ਬਹੀਏ, ਕਦੇ ਸੁਖ ਮਿਲ ਨਹੀਂ ਸਕਦਾ।

ਮਿੱਠੜੇ ਬੋਲ ਤਾਂ ਮਾਹੌਲ ਨੂੰ ਮਿੱਠਾ ਕਰ ਦੇਂਦੇ,
ਜੇ ਕੌੜੇ ਬੋਲ ਕੁਝ ਕਹੀਏ, ਕਦੇ ਸੁਖ ਮਿਲ ਨਹੀਂ ਸਕਦਾ।

ਖਿੜੇ ਰਹੀਏ ਜੇ ਫੁੱਲ ਵਾਂਗੂ ਚੁਫੇਰਾ ਵੀ ਹੈ ਖਿੜ ਜਾਂਦਾ,
ਜੇ ਕੰਡੇ ਤੇਜ਼ ਬਣ ਖਹੀਏ, ਕਦੇ ਸੁਖ ਮਿਲ ਨਹੀਂ ਸਕਦਾ।

ਜੇ ਕਰਕੇ ਮਿਹਰ ਦਿਤੈ ਰੱਬ ਤਾਂ ਸਭ ਕੁਝ ਵੰਡ ਕੇ ਖਾਈਏ,
ਜ਼ਰਾ ਹੰਕਾਰ ਤੋ ਲਹੀਏ, ਕਦੇ ਦੁੱਖ ਮਿਲ ਨਹੀਂ ਸਕਦਾ।

ਤੂੰ ਜੋ ਕੁਝ ਕਹਿ ਰਿਹੈ 'ਅਮਰੀਕ ਸਿੰਘ' ਗੱਲਾਂ ਉਹ ਸੱਚੀਆਂ ਨੇ,
ਜੇ ਆਪਾਂ ਮੰਨ ਇਹ ਲਈਏ, ਕਦੇ ਦੁੱਖ ਮਿਲ ਨਹੀਂ ਸਕਦਾ।

***



Sri Satguru Jagjit Singh Ji eLibrary NamdhariElibrary@gmail.com

# ਗ਼ਮਖਾਰ ਨਹੀਂ

ਹੋ ਸਕੇ ਜੇ ਕਿਸੇ ਦੇ ਗ਼ਮਖਾਰ ਨਹੀਂ।
ਜੀਣ ਦੀ ਜਾਣੀ ਅਸਾਂ ਨੇ ਸਾਰ ਨਹੀਂ।

ਆਪਣੇ ਘੇਰੇ ਵਿਚ ਹਾਂ ਜੇ ਕਰ ਜੀ ਰਹੇ,
ਖੂਹ ਦੇ ਡੱਡੂ ਵਾਂਗ ਨਿਕਲੇ ਬਾਹਰ ਨਹੀਂ।

ਬਹੁਤ ਕੁਝ ਵੇਖਣ ਨੂੰ ਹੈ ਸੰਸਾਰ ਵਿਚ,
ਖੋਲ੍ਹ ਅੱਖਾਂ ਰਹੇ ਝਾਤੀ ਮਾਰ ਨਹੀਂ।

ਅਜੇ ਵੀ ਚੰਗੇ ਮਨੁੱਖ ਮਿਲ ਜਾਣਗੇ,
ਜਿੰਨ੍ਹਾਂ ਦੇ ਮਿਲਿਆ ਕਦੇ ਵੀ ਹਾਰ ਨਹੀਂ।

ਸਮੇਂ ਦੇ ਘੋੜੇ ਤੋਂ ਜੋ ਹਾਂ ਡਿੱਗ ਪਏ,
ਸਮਝ ਲਓ ਵਧੀਆ ਅਸੀਂ ਅਸਵਾਰ ਨਹੀਂ।

ਜੇ ਅਸੀ ਕੰਢੇ ’ਤੇ ਹੀ ਬੈਠੇ ਰਹੇ,
ਮੁਸ਼ਕਿਲਾਂ ਦਾ ਦਰਿਆ ਹੋਣਾ ਪਾਰ ਨਹੀਂ।

ਹੋਸ਼ ਕਰ ਕੁਝ ਤਾਂ ਸਮਝ ‘ਅਮਰੀਕ ਸਿੰਘ’,
ਸਮਾਂ ਤਾਂ ਬਣਦਾ ਕਿਸੇ ਦਾ ਯਾਰ ਨਹੀਂ।
***



Sri Satguru Jagjit Singh Ji eLibrary NamdhariElibrary@gmail.com

# ਨਜ਼ਰ ਹੀ ਨਾ ਲੱਗ ਜਾਏ

ਮੇਰੇ ਗ੍ਰਿਹਿਸਤ ਪਸਾਰੇ ਨੂੰ ਕਿਧਰੇ ਨਜ਼ਰ ਹੀ ਨਾ ਲੱਗ ਜਾਏ।
ਸੁਖ ਪੀਂਘ ਹੁਲਾਰੇ ਨੂੰ ਕਿਧਰੇ ਨਜ਼ਰ ਹੀ ਨਾ ਲੱਗ ਜਾਏ।

ਰੱਬ ਕਿਰਪਾ ਕੀਤੀ ਏ ਬਖ਼ਸ਼ੇ ਪੁਤ ਪੋਤੇ ਪੜਪੋਤੇ,
ਧੀਆਂ ਨੂੰ ਭਾਗ ਲਗਾ ਬਖਸ਼ੇ ਦੋਹਤੇ ਤੇ ਪੜਦੋਹਤੇ।
ਵੱਸਦੇ ਘਰ ਸਾਰੇ ਨੂੰ ਕਿਧਰੇ ਨਜ਼ਰ ਹੀ ਨਾ ਲੱਗ ਜਾਏ।

ਸੁਖ ਸਾਰੇ ਬਖਸ਼ ਦਿਤੇ ਨਾਲੇ ਸੁਖੀ ਏ ਭਾਈਚਾਰਾ,
ਸ਼ਾਲਾ ਇਹ ਮਿਲਦਾ ਰਹੇ ਦਿੱਤਾ ਸੁਖਾਂ ਦਾ ਜੋ ਵਰਤਾਰਾ,
ਮਿਲੇ ਧੁਰੋਂ ਨਜ਼ਾਰੇ ਨੂੰ ਕਿਧਰੇ ਨਜ਼ਰ ਹੀ ਨਾ ਲੱਗ ਜਾਏ।

ਆਪਣੀ ਘਾਲ ਜਾਂ ਵੇਖਦਾ ਹਾਂ ਮੈਨੂੰ ਬੜੀ ਸੰਗ ਪਈ ਆਵੇ,
ਮੇਰੇ ਆਸ ਬੂੱਟਿਆਂ ਨੂੰ ਰੱਬ ਨੇ ਕੀਤਾ ਹਰੇ ਤੇ ਸਾਵੇ,
ਸੁਪਨੇ ਸਾਕਾਰੇ ਨੂੰ ਕਿਧਰੇ ਨਜ਼ਰ ਹੀ ਨਾ ਲੱਗ ਜਾਏ।
***



Sri Satguru Jagjit Singh Ji eLibrary NamdhariElibrary@gmail.com

## ਵਡੇਰਾ ਹੋ ਹੀ ਜਾਂਦਾ ਏ

ਉਮਰ ਦੇ ਨਾਲ ਹਰ ਬੰਦਾ ਵਡੇਰਾ ਹੋ ਹੀ ਜਾਂਦਾ ਏ।
ਜਿਵੇਂ ਢਲ ਜਾਂਦੇ ਦਿਨ ਆਖ਼ਰ ਹਨੇਰਾ ਹੋ ਹੀ ਜਾਂਦਾ ਏ।

ਵਡੇਰੀ ਉਮਰ ਵਿੱਚ ਆਪਣਾ ਸੁਭਾ ਜੋ ਬਦਲ ਹੀ ਦਈਏ,
ਬਜ਼ੁਰਗਾਂ ਦਾ ਬੜਾ ਜੀਵਣ ਸੁਖੇਰਾ ਹੋ ਹੀ ਜਾਂਦਾ ਏ।

ਜੋ ਬੱਚਿਆਂ ਦੇ ਸਿਰਾਂ ਤੇ ਵਾਂਗ ਬੱਦਲ ਛਾਇਆ ਹੀ ਰਹਿੰਦੈ,
ਤਾਂ ਜੀਵਣ ਬੱਚਿਆਂ ਦਾ ਅਸਲੋਂ ਹਨੇਰਾ ਹੋ ਹੀ ਜਾਂਦਾ ਏ।

ਕਰਨ ਸੇਵਾ ਵਡੇਰੇ ਦੀ ਅਸੀਸਾਂ ਪਰ ਨਹੀਂ ਦੇਂਦਾ,
ਉਹ ਬਣ ਕੇ ਨਫ਼ਰਤ ਦਾ ਭਾਗੀ ਛੁਟੇਰਾ ਹੋ ਹੀ ਜਾਂਦਾ ਏ।

ਤੂੰ ਵੀ 'ਅਮਰੀਕ' ਪੂਰਾ ਬਦਲ ਕੇ ਆਪਣੇ ਰਵੱਈਏ ਨੂੰ,
ਉਮਰ ਦੇ ਨਾਲ ਜੋ ਬਦਲੇ ਚੰਗੇਰਾ ਹੋ ਹੀ ਜਾਂਦਾ ਏ।

***



Sri Satguru Jagjit Singh Ji eLibrary NamdhariElibrary@gmail.com

# ਜ਼ਮਾਨਾ ਯਾਦ ਰੱਖਦਾ ਏ

ਜ਼ਮਾਨਾ ਯਾਦ ਰੱਖਦਾ ਏ ਜ਼ਮਾਨੇ ਲਈ ਜੋ ਕੁਝ ਕਰਦੈ।
ਅਜਾਈਂ ਘਾਲ ਨਹੀਂ ਜਾਂਦੀ ਜੋ ਤਨ ਮਨ ਦੇਸ਼ ਲਈ ਹਰਦੈ।

ਜੋ ਜੰਮਿਆ ਹੈ ਅੱਵਸ਼ ਹੀ ਉਸ ਨੇ ਇਕ ਦਿਨ ਮਰ ਹੀ ਜਾਣਾ ਏ,
ਸਦਾ ਉਹ ਪੂਜਿਆ ਜਾਂਦੈ ਜੋ ਆਪਣੇ ਦੇਸ਼ ਲਈ ਮਰਦੈ।

ਨਹੀਂ ਝੁਕਦਾ ਹੈ ਸਿਰ ਉਸਦਾ ਉਚੇਰਾ ਜੱਗ ਤੋਂ ਰਹਿੰਦਾ ਏ,
ਅਣਖ ਦੇ ਵਾਸਤੇ ਸਿਰ ਜੋ ਤਲੀ ਆਪਣੀ 'ਤੇ ਧਰਦੈ।

ਹੈ ਜਿਸ ਦੇ ਅੰਦਰ ਭਰ ਚੁੱਕਿਆ ਜੇ ਜਜ਼ਬਾ ਵਤਨ ਪ੍ਰਸਤੀ ਦਾ,
ਨਹੀਂ ਕਰਦਾ ਉਹ ਪਰਵਾਹ ਜਾਣ ਦੀ ਮੌਤੋਂ ਨਹੀਂ ਡਰਦੈ।

ਜਵਾਨੀ ਵਿੱਚ ਜੋ ਅਪਣੇ ਦੇਸ਼ ਲਈ ਕੁਰਬਾਨ ਹੋ ਜਾਵੇ,
ਕਦੇ ਬੁੱਢਾ ਨਹੀਂ ਹੁੰਦਾ ਉਹ ਹਰ ਔਕੜ ਨੂੰ ਵੀ ਤਰਦੈ।

ਜ਼ਰਾ ਇਤਿਹਾਸ ਪੜ੍ਹ ਵੇਖੋ ਜੋ ਮੂਹੋਂ ਬੋਲ ਕੇ ਕਹਿੰਦੈ,
ਜੋ ਮਿਟਿਆ ਦੇਸ਼ ਦੀ ਖ਼ਾਤਰ ਨਹੀਂ ਨਾਂ ਉਸ ਦਾ ਮਿਟਦੈ।

ਤੇਰੇ ਵਰਗੇ ਬੜੇ 'ਅਮਰੀਕ ਸਿੰਘ' ਆਏ ਤੇ ਤੁਰ ਗਏ ਨੇ,
ਕੋਈ ਅੱਜ ਨਾਂ ਨਹੀਂ ਲੈਂਦਾ ਉਹ ਢੇਮਾਂ ਵਾਂਗ ਨੇ ਖੁਰਦੇ।
***



Sri Satguru Jagjit Singh Ji eLibrary NamdhariElibrary@gmail.com

## ਭੁੱਲਣਾ ਨਹੀਂ ਚਾਹੀਦਾ

ਕਿਸੇ ਦਾ 'ਹਸਾਨ ਕਦੇ ਭੁੱਲਣਾ ਨਹੀਂ ਚਾਹੀਦਾ।
ਹੀਰੇ, ਮਿੱਟੀ ਵਿੱਚ ਕਦੇ ਰੁੱਲਣਾ ਨਹੀਂ ਚਾਹੀਦਾ।

ਭੇਤ ਦਿਲ ਆਪਣੇ ਦਾ ਸਦਾ ਸਾਂਭ ਰੱਖੀਏ,
ਹਰ ਇਕ ਅੱਗੇ ਭੇਤ ਖੁੱਲ੍ਹਣਾ ਨਹੀਂ ਚਾਹੀਦਾ।

ਕਹਿੰਦੇ ਨੇ ਸਿਆਣੇ ਕੰਨ ਕੰਧਾਂ ਦੇ ਵੀ ਖੁੱਲ੍ਹੇ ਰਹਿੰਦੇ,
ਸਫ਼ਾ ਦਿਲ ਪੋਥੀ ਵਾਲਾ ਖੁੱਲ੍ਹਣਾ ਨਹੀਂ ਚਾਹੀਦਾ।

ਗੂੜ੍ਹੇ ਰੰਗ ਰੰਗਿਆ ਜੋ ਸੱਜਣਾ ਨੇ ਤਨ ਮਨ,
ਸਮੇਂ ਦੇ ਤੂਫ਼ਾਨ ਸੰਗ ਧੁੱਲਣਾ ਨਹੀਂ ਚਾਹੀਦਾ।

ਭਾਗਾਂ ਨਾਲ ਗਿਣਤੀ ਦੇ ਨਾਲ ਮਿਲੇ ਜਿਹੜੇ ਪਲ,
ਕੌਡੀਆਂ ਦੇ ਨਾਲ ਸੋਨਾ ਤੁੱਲਣਾ ਨਹੀਂ ਚਾਹੀਦਾ।

ਰੱਬ ਨੇ ਜੇ ਮੌਕਾ ਦਿੱਤਾ ਹੋਏ ਸ਼ਮਰਿਧ ਕੁਝ,
ਰਬੜ ਦੇ ਭੁਕਾਣੇ ਵਾਂਗ ਫੁੱਲਣਾ ਨਹੀਂ ਚਾਹੀਦਾ।

ਸਬਰ ਸੰਤੋਖ ਨਾਲ ਰਹੀਏ 'ਅਮਰੀਕ ਸਿੰਘ',
ਸਬਰ ਦਾ ਪਿਆਲਾ ਕਦੇ ਡੁੱਲ੍ਹਣਾ ਨਹੀਂ ਚਾਹੀਦਾ।

***



Sri Satguru Jagjit Singh Ji eLibrary NamdhariElibrary@gmail.com

## ਐਸਾ ਇਕ ਸੰਸਾਰ ਵਸਾਈਏ

ਐਸਾ ਇਕ ਸੰਸਾਰ ਵਸਾਈਏ।
ਪਿਆਰ ਦੀ ਜਿਸ ਵਿੱਚ ਜੋਤ ਜਗਾਈਏ।

ਉੱਚੀ ਉੱਚੀ ਮਾਰ ਕੇ ਵਾਜਾਂ,
ਦੂਰ ਗਿਆ ਨੂੰ ਕੋਲ ਬੁਲਾਈਏ।

ਸ਼ਿਕਵੇ ਗਿਲੇ ਭੁਲਾ ਕੇ ਸਾਰੇ,
ਘੁੱਟ ਘੁੱਟ ਕੇ ਗਲਵਕੜੀ ਪਾਈਏ।

ਬੋਲ ਕਬੋਲ ਜੇ ਹੋਇਆ ਕੋਈ,
ਕਰੀਏ ਜਤਨ ਢਿੱਲੇ ਹੋ ਜਾਈਏ।

ਆਪਣੀ ਪੀੜ ਭੁੱਲ ਕੇ ਅਸਲੋਂ,
ਪੀੜ ਪਰਾਈ ਦੂਰ ਭਜਾਈਏ।

ਚੁਗਲਖੋਰਾਂ ਦੇ ਆਖੇ ਲੱਗ ਕੇ,
ਆਪਣੀਆਂ ਨੂੰ ਭੁੱਲ ਨਾ ਜਾਈਏ।

ਆਓ ਅੱਜ 'ਅਮਰੀਕ ਸਿੰਘ' ਨੂੰ,
ਚੰਗੀਆਂ ਗੱਲਾਂ ਯਾਦ ਕਰਾਈਏ।
***



Sri Satguru Jagjit Singh Ji eLibrary NamdhariElibrary@gmail.com

## ਦੋਹਰੇ

ਨੇਕੀ ਕਰੀਏ ਕਿਸੇ ਤੇ ਅਸਲੋਂ ਜਾਈਏ ਭੁੱਲ।
ਰਹੇ ਜਤਾਂਦੇ ਜੇ ਅਸੀਂ ਧੇਲਾ ਰਹੇ ਨਾ ਮੁੱਲ।

ਕਿਸੇ ਦੇ ਪ੍ਰਤੀ ਵਿਰੋਧ ਹੈ ਅੰਦਰੋਂ ਦਈਏ ਹੂੰਝ,
ਇਹ ਚਿੱਕੜ ਹੈ ਹਿਰਦਿਓਂ ਛੇਤੀ ਦਈਏ ਪੂੰਝ।

ਕਿਸੇ ਨੂੰ ਬੁਰਾ ਜੇ ਆਖਣੈ ਗਲਮੇ ਪਾਈਏ ਝਾਤ,
ਨੁਕਸ ਬਥੇਰੇ ਦਿੱਸਣਗੇ ਅਕਲ ਪਵੇਗੀ ਮਾਤ।

ਕੋਈ ਵੀ ਵਾਧਾ ਜੇ ਕਰੇ ਕਰੀਏ ਉਸ ਨੂੰ ਮਾਫ਼,
ਪੜ੍ਹੋ ਸਲੋਕ ਫਰੀਦ ਦੇ ਹੋਵੇ ਹਿਰਦਾ ਸਾਫ਼।

ਮਿੱਠਾ ਬੋਲਣ, ਨਿਉਂ ਚੱਲਣ ਹਨ ਐਸੇ ਸ਼ਿੰਗਾਰ,
ਬੰਦਾ ਜੋ ਅਪਣਾ ਲਵੇ ਬੇੜਾ ਹੋਵੇ ਪਾਰ।

ਪੀੜ ਆਪਣੀ ਵਾਸਤੇ ਕਰੀਏ ਬੜੇ ਇਲਾਜ,
ਪੀੜ ਪਰਾਈ ਹਰਨ ਲਈ ਆਵੇ ਸਾਨੂੰ ਲਾਜ।

ਚੰਗਿਆਈਓਂ ਜੇ ਕਿਸੇ ਨੂੰ ਯਾਦ ਨੇ ਕਰਦੇ ਲੋਕ,
ਸਫਲ ਜਨਮ ਹੈ ਉਸ ਦਾ ਨਹੀਂ ਸਵਰਗੋ ਰੋਕ।

ਤੇਰੇ ਜਿਹੇ 'ਅਮਰੀਕ ਸਿੰਘ' ਮਰਦੇ ਲੋਕ ਅਨੇਕ,
ਕਿਸੇ ਦੀ ਕਰਨੀ ਜੋ ਮਰੇ ਉਸ ਨੂੰ ਸਦ ਆਦੇਸ਼।
***



Sri Satguru Jagjit Singh Ji eLibrary NamdhariElibrary@gmail.com

## ਜੀਣ ਲਈ

ਬੜਾ ਕੁਝ ਹੀ ਕਰਨਾ ਪੈਂਦੇ ਜੀਣ ਲਈ।
ਖੂਹ ਪੁੱਟਣਾ ਪੈਂਦੇ ਪਾਣੀ ਪੀਣ ਲਈ।

ਕੰਡਿਆਂ ਕੋਲੋਂ ਲੰਘਿਆਂ ਕਪੜੇ ਪਾਟ ਗਏ,
ਚਾਹੀਦੀ ਹੈ ਸੂਈ ਪਾਟੇ ਸੀਣ ਲਈ।

ਆਪਣਾ ਆਪ ਮਿਟਾਣਾ ਭਾਵੇਂ ਔਖਾ ਏ,
ਅੰਦਰੋ ਬਾਹਰੋਂ ਸੱਜਣ ਕਿਸੇ ਦੇ ਜੀਣ ਲਈ।

ਕਈ ਵੇਰਾਂ ਹੀ ਅੱਗ ਵਿੱਚ ਸੜਣਾ ਪੈਂਦਾ ਏ,
ਲੋਹੇ ਨੂੰ ਇਕ ਚੰਗੀ ਬਣਨ ਮਸ਼ੀਨ ਲਈ।

ਤਗੜੇ ਸੰਦਾਂ ਦੀ ਬੰਦੇ ਨੂੰ ਲੋੜ ਪਵੇ,
ਪੁੱਟਣ ਲਈ ਇਕ ਬੰਜਰ ਪਈ ਜ਼ਮੀਨ ਲਈ।

ਚੀਜ਼ ਉਹ ਮਿਲਣੀ ਬੜੀ ਹੀ ਔਖੀ ਏ,
ਧੱਕਿਓ ਕਿਸੇ ਨੇ ਸਾਥੋਂ ਜਿਹੜੀ ਛੀਣ ਲਈ।

ਅਟਪਟੀਆਂ ਨੇ ਗੱਲਾਂ 'ਸਿੰਘ ਅਮਰੀਕ' ਦੀਆਂ,
ਸਮਝ ਲਈਏ ਤਾਂ ਚੰਗੀਆਂ ਨੇ ਇਹ ਜੀਣ ਲਈ।
***



Sri Satguru Jagjit Singh Ji eLibrary NamdhariElibrary@gmail.com

# ਐਸਾ ਕੋਈ ਕੰਮ ਨਾ ਕਰੋ

ਜ਼ਿੰਦਗੀ 'ਚ ਐਸਾ ਕੋਈ ਕੰਮ ਨਾ ਕਰੋ।
ਵੇਖ ਰਿਹੈ ਰੱਬ ਸਦਾ ਉਸ ਤੋਂ ਡਰੋ।

ਸਿੱਧੇ ਰਾਹੇ ਜਾਂਦਿਆਂ ਜੇ ਲੋਕ ਨਿੰਦਦੇ,
ਲੋਕਾਂ ਦੀਆਂ ਗੱਲਾਂ ਉੱਤੇ ਕੰਨ ਨਾ ਧਰੋ।

ਕਿਸੇ ਦੀ ਸਹਾਇਤਾ ਆਪਾਂ ਕਰਨ ਜੋਗੇ ਨਹੀਂ,
ਕੰਡਿਆਂ ਦੇ ਨਾਲ ਉਹਦਾ ਰਾਹ ਨਾ ਭਰੋ।

ਮਰ ਜਾਣੈ ਸਭ ਨੇ ਹੈ ਰਹਿਣਾ ਕਿਸ ਨੇ,
ਸਦਾ ਜ਼ਿੰਦਾ ਰਹਿਣਾ ਏ ਤਾਂ ਦੇਸ਼ ਲਈ ਮਰੋ।

ਆਪਣੇ ਹੀ ਦੁੱਖਾਂ ਦਾ ਹੋ ਰੋਣਾ ਰੋ ਰਹੇ,
ਦੂਜਿਆਂ ਦਾ ਦੁੱਖੜਾ ਵੀ ਕੋਈ ਤਾਂ ਜਰੋ।

ਕਿਸੇ ਨਾਲ ਵਾਦ ਜਾਂ ਵਿਵਾਦ ਹੋ ਗਿਐ,
ਝਗੜਾ ਨਹੀਂ ਪਿਆਰ ਨਾਲ ਫੈਸਲਾ ਕਰੋ।

ਡੂੰਘਾ ਦਰਿਆ ਏ 'ਅਮਰੀਕ' ਜ਼ਿੰਦਗੀ,
ਨੇਕੀਆਂ ਦੇ ਚੱਪੂਆਂ ਦੇ ਨਾਲ ਇਹ ਤਰੋ।
***



Sri Satguru Jagjit Singh Ji eLibrary NamdhariElibrary@gmail.com

## ਬੜਾ ਕੀਮਤੀ ਸਰੀਰ ਏ

ਜਨਮ ਅਮੁਲੈ ਬੜਾ ਕੀਮਤੀ ਸਰੀਰ ਏ।
ਕਰੇ ਜੋ ਸੰਭਾਲ ਨਹੀਂ ਹੁੰਦਾ ਦਿਲਗੀਰ ਏ।

ਅੱਠਾਂ ਪਹਿਰਾਂ ਵਿੱਚੋਂ ਹੈ ਧਿਆਨ ਥੋੜ੍ਹਾ ਮੰਗਦਾ,
ਖੇਚਲ ਜੋ ਕਰੇ ਉਹਦਾ ਝੱਟ ਚੰਗਾ ਲੰਘਦਾ।

ਬਦਪ੍ਰਹੇਜ਼ੀ ਕਰ ਰੋਗ ਹਾਂ ਚਮੋੜਦੇ,
ਭੈੜਿਆਂ ਸਵਾਦਾਂ ਵੱਲੋਂ ਮੂੰਹ ਨਹੀਂ ਮੋੜਦੇ।

ਬਹੁਤੇ ਰੋਗ ਮੂੰਹ ਰਾਹੀ ਅੰਦਰ ਹਾਂ ਘੱਲਦੇ,
ਪਰ ਨਾ ਜ਼ੁਬਾਨ ਤਾਈਂ ਅਸਲੋਂ ਹਾਂ ਠੱਲਦੇ।

ਢਿੱਡ ਭਰ ਜਾਂਦੈ ਪਰ ਰੱਜਦੀਆਂ ਅੱਖਾਂ ਨਹੀਂ,
ਬੱਸ ਕਰੋ ਨਾ ਖਾਓ ਵਰਜਦੀਆਂ ਅੱਖਾਂ ਨਹੀਂ।

ਖਾਂਦੇ ਹਾਂ ਦਵਾਈਆਂ ਨਿੱਤ ਨਿਰਾ ਹੀ ਜੋ ਜ਼ਹਿਰ ਨੇ,
ਫ਼ੀਸਾਂ ਵੀ ਹਕੀਮਾਂ ਦੀਆਂ ਕਰਦੀਆਂ ਕਹਿਰ ਨੇ।

ਕਿਸੇ ਨੂੰ ਨਾ ਦੋਸ਼ ਦਈਏ ਆਪਣਾ ਹੀ ਦੋਸ਼ ਏ,
ਸਿਹਤ ਦੀ ਸੰਭਾਲ ਦੀ ਨਾ ਸਾਨੂੰ ਕੋਈ ਹੋਸ਼ ਏ।

ਹੁੰਦੇ ਹਾਂ ਬੀਮਾਰ ਦੁੱਖ ਹੱਦੋਂ ਵੱਧ ਪਾਂਦੇ ਹਾਂ,
ਗੱਲਾਂ 'ਅਮਰੀਕ' ਦੀਆਂ ਉੱਕਾ ਭੁੱਲ ਜਾਂਦੇ ਹਾਂ।
***



Sri Satguru Jagjit Singh Ji eLibrary NamdhariElibrary@gmail.com

## ਆਏ ਆ ਕੇ ਚਲੇ ਗਏ

ਆਏ ਆ ਕੇ ਚਲੇ ਗਏ ਕੁਝ ਲਾਭ ਹੋਇਆ ਨਾ ਹਾਨੀ।
ਆਓ ਕੁਝ ਕਰ ਚੱਲੀਏ ਐਸਾ ਜੱਗ ਵਿਚ ਰਹੇ ਨਿਸ਼ਾਨੀ।

ਕਿਸੇ ਮਾੜੇ ਦੀ ਮਦਦ ਨਾ ਕੀਤੀ ਡਿੱਗਿਆ ਨਹੀਂ ਉਠਾਇਆ,
ਹੌਂਸਲਾ ਹਾਰ ਕੇ ਬੈਠੇ ਕਿਸੇ ਦਾ ਦਿਲ ਨਹੀਂ ਕਦੇ ਵਧਾਇਆ।

ਕਿਸੇ ਗਰੀਬ ਦੀ ਧੀ ਦੇ ਸਿਰ 'ਤੇ ਪਿਆਰ ਦਾ ਹੱਥ ਨਾ ਧਰਿਆ,
ਦੁਖੀ ਕਿਸੇ ਨੂੰ ਵੇਖ ਕਦੇ ਵੀ ਹੌਂਕਾ ਮੂਲ ਨਾ ਭਰਿਆ।

ਲੋੜ ਤੋਂ ਵੱਧ ਖਾਂਦੇ ਹਾਂ ਨਿੱਤ ਹੀ ਭੁੱਖਾ ਸਵੇਂ ਪੜੋਸੀ,
ਦਿਲ ਨੂੰ ਰੁੱਗ ਨਹੀਂ ਭਰਿਆ ਜਾਂਦਾ ਗਤੀ ਨਾ ਏਦਾ ਹੋਸੀ।

ਵੰਨ ਸੁਵੰਨੇ ਸੂਟ ਹੰਢਾਈਏ ਰੋਜ਼ ਬਦਲੀਏ ਲੀੜੇ,
ਸਰਦੀ ਵਿਚ ਵੀ ਪਾਟੇ ਕੱਪੜੀਂ ਫਿਰਦੇ ਖੁੱਲ੍ਹੇ ਬੀੜੇ।

ਉਹ ਵੀ ਨੇ ਇਨਸਾਨ ਉਹਨਾਂ ਲਈ ਆਪਾਂ ਕੁਝ ਤਾਂ ਕਰੀਏ,
ਜਿੰਨ੍ਹਾਂ ਵੀ ਅਸੀਂ ਕਰ ਸਕਦੇ ਹਾਂ ਦੁੱਖ ਘਟਾ ਕੇ ਧਰੀਏ।

ਗੱਲਾਂ ਨਾਲ ਤਾਂ ਕੁਝ ਨਹੀਂ ਬਣਨਾ ਸੁਣ 'ਅਮਰੀਕ' ਪਿਆਰੇ,
ਦੁਖੀਆਂ ਦੇ ਦੁੱਖ ਚੱਲ ਵੰਡਾਈਏ ਨਿਰੇ ਨਾ ਲਾਈਏ ਨਾਰੇ।
***



Sri Satguru Jagjit Singh Ji eLibrary NamdhariElibrary@gmail.com

## ਸ਼ੈਤਾਨ ਦੀ ਕਰਾਮਾਤ

ਕਹਿਣ ਕਿ ਦੁਨੀਆ ਦੀ ਪੈਦਾਇਸ਼ ਆਦਮ ਹੱਵਾ ਨੇ ਕੀਤੀ।
ਜੰਨਤ ਵਿੱਚ ਸਨ ਰਹਿੰਦੈ ਦੋਵੇਂ ਨਾਲ ਖ਼ੁਦਾ ਸੀ ਪ੍ਰੀਤੀ।

ਰੱਬ ਨੇ ਜੰਨਤ ਵਿੱਚ ਵਿਵਰਜਤ ਕੀਤੀ ਕਣਕ ਸੀ ਖਾਣੀ,
ਆਖੇ ਲੱਗ ਸ਼ੈਤਾਨ ਦੇ ਦੋਹਾਂ ਕਰ ਲੀਤੀ ਮਨਮਾਨੀ।

ਕਣਕ ਦੇ ਦਾਣੇ ਲੈ ਆਏ ਸਨ ਨਾਲ ਇਹ ਕੁਝ ਛੁਪਾ ਕੇ,
ਗਿੱਲੀ ਮਿੱਟੀ ਦੇ ਵਿੱਚ ਸੁੱਟੀ ਵੇਖੀ ਕਣਕ ਉਗਾ ਕੇ।

ਦੋਹਾਂ ਦੀ ਔਲਾਦ ਵਧੀ ਤੇ ਕਣਕ ਵੀ ਬਹੁਤੀ ਹੋਈ,
ਖਾਧੀ ਜਦ ਇਨਸਾਨਾਂ ਨੇ ਤਾਂ ਸਭ ਦੀ ਤ੍ਰਿਪਤੀ ਹੋਈ।

ਜਿਓਂ ਜਿਓਂ ਅੱਗੋਂ ਵਧੀ ਆਬਾਦੀ ਕਣਕ ਉਗਾਈ ਲੋਕਾਂ,
ਕਹਿਣ ਕਿ ਕੰਮ ਦੀ ਚੀਜ਼ ਤੇ ਰੱਬ ਨੇ ਐਵੇਂ ਲਾਈਆਂ ਰੋਕਾਂ।

ਏਨੀ ਵਧੀ ਆਬਾਦੀ ਜੱਗ 'ਤੇ ਥੁੜਨ ਕਣਕ ਜਾਂ ਲੱਗੀ,
ਨਵੇਂ ਢੰਗਾਂ ਦੇ ਨਾਲ ਜਾਂ ਬੀਜੀ ਕਣਕ ਬਥੇਰੀ ਉੱਗੀ।

ਸਾਰੇ ਲੋਕਾਂ ਦੇ ਭੋਜਨ ਦੀ ਕਣਕ ਬਣੀ ਏ ਰਾਣੀ,
ਦੋਵੇਂ ਵਕਤ ਹੀ ਸਭ ਲੋਕਾਂ ਨੇ ਨਾਲ ਸਵਾਦਾਂ ਖਾਣੀ।

ਜੇ ਸ਼ੈਤਾਨ 'ਆਦਮ-ਹਵਾ' ਨੂੰ ਕਣਕ ਬਾਰੇ ਨਾ ਦੱਸਦਾ,
ਰੱਬ ਦੋਹਾਂ ਨੂੰ ਜੰਨਤ ਵਿੱਚੋਂ ਧਰਤੀ 'ਤੇ ਨਾ ਸੁੱਟਦਾ।

ਇਹ ਸੰਸਾਰ ਨਹੀਂ ਸੀ ਵੱਸਣਾ ਨਾ ਹੁੰਦੀ ਆਬਾਦੀ,
ਕਣਕ ਸਵਰਗਾਂ ਵਿੱਚ ਸੀ ਰਹਿਣੀ ਨਹੀਂ ਸੀ ਜਾਣੀ ਖਾਧੀ।

ਇਕ ਸ਼ੈਤਾਨ ਦੀ ਸਿੱਖਿਆ ਨੇ ਹੀ ਧਰਤੀ ਸਵਰਗ ਬਣਾਈ,
ਦੇਵਤਿਆਂ ਵੀ ਜੰਨਤੋਂ ਏਥੇ ਆਉਣ ਦੀ ਆਸ ਹੈ ਲਾਈ।

ਸੁਣੀ ਸੁਣਾਈ 'ਸਿੰਘ ਅਮਰੀਕ' ਨੇ ਲਿਖੀ ਹੈ ਅਜ਼ਬ ਕਹਾਣੀ,
ਕਿਵੇਂ ਇਹ ਰੌਣਕ ਬਣੀ ਜੱਗ ਦੀ ਅੱਜ ਤੱਕ ਕਿਸੇ ਨਾ ਜਾਣੀ।



Sri Satguru Jagjit Singh Ji eLibrary NamdhariElibrary@gmail.com

## ਵਕਫ਼ਾ

ਜਨਮ ਲੈਣਾ ਸੁਭਾ ਮਰਨਾ ਸ਼ਾਮ ਹੈ।
ਦੋਹਾਂ ਦੇ ਵਕਫ਼ੇ ਦਾ ਉਮਰ ਨਾਮ ਹੈ।

ਸੁਬ੍ਹਾ ਤੇ ਇਸ ਸ਼ਾਮ ਦੇ ਹੀ ਵਕਫ਼ਿਓਂ,
ਚੱਲ ਰਿਹਾ ਦੁਨੀਆ ਦਾ ਇੰਤਜ਼ਾਮ ਹੈ।

ਏਸ ਵਕਫ਼ੇ 'ਚੋਂ ਹੈ ਸਾਰੀ ਉਤਪਤੀ,
ਸਭ ਦਾ ਏਸੇ ਵਿਚ ਹੀ ਤਾਂ ਅੰਜਾਮ ਹੈ।

ਕੋਈ ਵੀ ਨਹੀਂ ਉਤਰਦਾ ਆਕਾਸ਼ 'ਤੋਂ,
ਮਾਂ ਦੇ ਪੇਟੋਂ ਅਉਂਦਾ ਖਾਸੋਂ ਆਮ ਹੈ।

ਕਿਸੇ ਨੂੰ ਵਕਫ਼ਾ ਲੰਮੇਰਾ ਮਿਲ ਗਿਆ,
ਕੋਈ ਕਰ ਜਾਂਦਾ ਜਲਦ ਹੀ ਲਾਮ੍ਹ ਹੈ।

ਜੋ ਕਹੇ ਇਸ ਵਕਫ਼ੇ ਦਾ ਅੰਜਾਮ ਨਹੀਂ,
ਉਸਦਾ ਅਸਲੋਂ ਖ਼ਇਆਲੇ ਖ਼ਾਮ ਹੈ।

ਭਲਾ ਕੰਮ ਕਰ ਜਾ ਕੋਈ 'ਅਮਰੀਕ ਸਿੰਘ',
ਆਉਣ ਵਾਲਾ ਆਖਰੀ ਪੈਗ਼ਾਮ ਹੈ।
***



Sri Satguru Jagjit Singh Ji eLibrary NamdhariElibrary@gmail.com

# ਦੌੜੋਂ ਜਿਹੜਾ ਪਿੱਛੇ ਰਹਿ ਗਿਆ

ਦੁਨੀਆਂ ਦੀ ਦੌੜੋਂ ਜਿਹੜਾ ਪਿੱਛੇ ਰਹਿ ਗਿਆ।
ਜੀਵਨ ਦਾ ਉਹਦਾ ਜਾਣੋਂ ਭੱਠਾ ਬਹਿ ਗਿਆ।

ਪੂਰਾ ਜ਼ੋਰ ਲਾ ਕੇ ਜਿਹੜਾ ਅੱਗੇ ਲੰਘਦੈ,
ਬੈਠਾ ਰਹੇ ਪਹੀਆ ਉਹਦਾ ਲੀਹੋਂ ਲਹਿ ਗਿਆ।

ਆਪਣਾ ਨਸੀਬ ਜੋ ਬਣਾਂਦਾ ਆਪ ਹੈ,
ਸਮਝੋ ਸਫਲਤਾ ਦੇ ਰਾਹੇ ਪੈ ਗਿਆ।

ਬੈਠਾ ਹੈ ਕਿਨਾਰੇ ਕਿਵੇਂ ਪਾਰ ਜਾਏਗਾ,
ਨਦੀ ਦੀਆਂ ਲਹਿਰਾਂ ਨਾਲ ਜੇ ਨਾ ਖਹਿ ਗਿਆ।

ਘਰੇ ਬੈਠਾ ਹਰ ਬੰਦਾ ਤਿੜਾਂ ਮਾਰਦੈ,
ਸੂਰਮੇ ਹੈ ਜੰਗ ਦੀ ਜੋ ਮਾਰ ਸਹਿ ਗਿਆ।

ਤਲੀ 'ਤੇ ਟਿਕਾਇਆ ਜਿੰਨ੍ਹੇ ਸੀਸ ਆਪਣਾ,
ਸਦਾ ਜ਼ਿੰਦਾ ਰਹਿਣ ਦੀ ਉਹ ਗੱਲ ਕਹਿ ਗਿਆ।

ਹਿੰਮਤ ਜੋ ਕਰੇ ਉਹ ਹਿਮਾਲਾ ਟੱਪਦਾ,
ਗੱਲਾਂ ਦੇ ਹੀ ਵਹਿਣੀਂ 'ਅਮਰੀਕ' ਵਹਿ ਗਿਆ।
***



Sri Satguru Jagjit Singh Ji eLibrary NamdhariElibrary@gmail.com

# ਕਲਾਕ ਦਾ ਸੈਲ ਤੇ ਬੰਦੇ ਦੀ ਰੂਹ

ਕੰਧ ਦੇ ਕਲਾਕ ਦਾ ਸੈਲ ਮੁੱਕਿਆ।
ਚੱਲਿਆ ਨਾ ਇਕ ਪਲ ਐਸਾ ਰੁਕਿਆ।

ਇਹਦੇ ਵਿਚ ਸੈਲ ਜਦੋਂ ਹੋਰ ਪਵੇਗਾ,
ਸੈਲ ਮੁੱਕੇ ਤੀਕ ਚੱਲਦਾ ਹੀ ਰਹੇਗਾ।

ਬੰਦੇ ਦਾ ਜਾਂ ਮੁੱਕਾ ਸੈਲ ਫੇਰ ਪੈਣਾ ਨਹੀਂ,
ਏਸ ਫੇਰ ਉੱਠ ਕੇ ਵੀ ਕਦੇ ਬਹਿਣਾ ਨਹੀਂ।

ਬੰਦੇ ਦੀ ਬਣਾਈ ਚੀਜ ਦੀ ਮਿਆਦ ਹੈ,
ਆਪਣੀ ਨਾ ਇਹਦੀ ਕੋਈ ਫਰਿਆਦ ਹੈ।

ਦਮ ਹੋਵੇ ਬੰਦਾ ਬੜੇ ਦਾਵੇ ਬੰਨ੍ਹਦਾ,
ਵੱਡੇ ਨਾਢੂ ਖਾਨਾਂ ਦੀ ਨਾ ਈਨ ਮੰਨਦਾ।

ਰੁੱਕ ਜਾਏ ਦਮ ਢੇਰੀ ਮਿੱਟੀ ਦੀ ਬਣੇ,
ਚੁੱਕ ਲੈਂਦੇ ਮੋਢਿਆਂ 'ਤੇ ਚਾਰ ਕੂ ਜਣੇ।

ਜਿੰਨ੍ਹਾਂ ਲਈ ਉਮਰ ਭਰ ਜੂਝਦਾ ਰਿਹਾ,
ਰੱਬ ਵਾਂਗ ਜਿੰਨਾਂ ਨੂੰ ਸੀ ਪੂਜਦਾ ਰਿਹਾ।

ਉਹਨਾਂ ਲਾਂਬੂ ਲਾ ਕੇ ਘਰ ਤੁਰ ਜਾਣਾ ਏ,
ਭਾਂਬੜਾ ਦੇ ਵੱਸ ਤੇਰੀ ਦੇਹ ਨੂੰ ਪਾਣਾ ਏ।

ਫੁੱਲ ਚੁਗ ਨਹਿਰ ਵਿੱਚ ਸੁੱਟ ਆਣਗੇ,
ਥੋੜ੍ਹੇ ਦਿਨਾਂ ਪਿਛੋਂ ਤੇਰਾ ਭੋਗ ਪਾਣਗੇ।

ਸਾਕ ਅੰਗ ਰੱਜ ਖਾਣਗੇ ਜਲੇਬੀਆਂ,
ਕਈ ਘਰ ਲੈ ਕੇ ਜਾਣਗੇ ਜਲੇਬੀਆਂ।

ਸੈਲ ਤੇਰੀ ਰੂਹ ਸੀ ਜਿਹੜੀ ਉੱਡ ਜਾਏਗੀ,
ਹੋਂਦ 'ਅਮਰੀਕ' ਤੇਰੀ ਰਹਿ ਨਾ ਪਾਏਗੀ।



Sri Satguru Jagjit Singh Ji eLibrary NamdhariElibrary@gmail.com

## ਆਪਾ ਪੜਚੋਲ

ਮਨ ਮੇਰੇ ਕੁਝ ਸੋਚ ਵਿਚਾਰ।
ਐਵੇ ਨਾ ਪਿਆ ਕਮਲੀਆਂ ਮਾਰ।

ਸਾਰੀ ਉਮਰ ਹੈਂ ਖਪ ਖਪ ਮਰਿਆ,
ਚੱਜ ਦਾ ਕੰਮ ਨਾ ਕੋਈ ਕਰਿਆ,
ਕਿਸੇ ਦੁਖੀ ਦੀ ਲਈ ਨਾ ਸਾਰ।

ਆਪਣਾ ਢਿੱਡ ਰਿਹਾ ਹੈਂ ਭਰਦਾ,
ਭੁੱਖੇ ਕਿਸੇ 'ਤੇ ਤਰਸ ਤਾਂ ਕਰਦਾ,
ਇਨਸਾਨਾਂ ਦੀ ਇਹ ਨਹੀਂ ਕਾਰ।

ਕੌੜੇ ਬੋਲ ਸਦਾ ਹੀ ਬੋਲੇ,
ਬੋਲਣ ਲੱਗਿਆਂ ਕਦੀ ਨਾ ਤੋਲੇ,
ਸਦਾ ਸਹੀ ਬੋਲਾਂ ਦੀ ਮਾਰ।

ਜਦੋਂ ਦੀਆਂ ਨੇ ਸਰਦੀਆਂ ਆਈਆਂ,
ਸੌਂਨੈਂ ਭਾਰੀਆਂ ਘੁੱਟ ਰਜਾਈਆਂ,
ਰਿਹਾ ਪੜੋਸੀ ਤਨ ਮਨ ਠਾਰ।

ਦੂਜੇ ਦੇ ਹੀ ਨੁਕਸ ਨੇ ਦਿੱਸਦੇ,
ਨੁਕਸ ਹੁੰਦੇ ਨਾ ਦੱਸ ਵਿਚ ਕਿਸਦੇ,
ਆਪਣੇ ਦੋਸ਼ ਨੂੰ ਦਵੇਂ ਵਿਸਾਰ।

ਮੱਤਾਂ ਦਵੇਂ ਤੂੰ ਸਭਨਾਂ ਤਾਈ,
ਆਪਣੀ ਅਕਲ ਹੈ ਛਾਈ ਮਾਈ,
ਚੰਗਾ ਨਹੀਂ 'ਅਮਰੀਕ' ਵਿਹਾਰ।
***



Sri Satguru Jagjit Singh Ji eLibrary NamdhariElibrary@gmail.com

## ਰਹਿਮ ਦਿਲ ਇਨਸਾਨ ਏ

ਦੇਵਤਾ ਹੈ ਰਹਿਮ ਦਿਲ ਜਿਹੜਾ ਇਨਸਾਨ ਏ।
ਸਾਰੇ ਇਨਸਾਨਾਂ ਨਾਲੋਂ ਉੱਚੀ ਉਹਦੀ ਸ਼ਾਨ ਏ।

ਦੁਖੀਆਂ ਨੂੰ ਵੇਖ ਹੰਝੂ ਅੱਖੋਂ ਜਿਦ੍ਹੇ ਵੱਗਦੇ,
ਰੱਬ ਦੇ ਵੀ ਘਰ ਜਾਂਦਾ ਗਿਣਿਆ ਮਹਾਨ ਏ।

ਡਿੱਗਿਆਂ ਨੂੰ ਜਿਹੜਾ ਬਾਹੋਂ ਫੜ ਕੇ ਸੰਭਾਲਦਾ ਏ,
ਮੌਤੋਂ ਵੀ ਛੁਡਾ ਲੈਂਦਾ ਕਿਸੇ ਦੀ ਜੋ ਜਾਨ ਏ।

ਦੂਜੇ ਦੀ ਮੁਸੀਬਤ ਗਲ਼ ਆਪਣੇ ਜੋ ਪਾ ਲਵੇ,
ਉਹਦੀ ਹਰ ਮੁਸ਼ਕਿਲ ਹੋ ਜਾਂਦੀ ਆਸਾਨ ਏ।

ਸਾਰੀ ਹੀ ਲੁਕਾਈ ਨੂੰ ਬਰਾਬਰ ਜੋ ਜਾਣਦਾ ਏ,
ਉਹਦੇ ਲਈ ਇਕੋ ਪ੍ਰਵਾਰ ਇਹ ਜਹਾਨ ਏ।

ਔਕੜਾਂ ਦੀ ਕਿੰਨੀ ਵੀ ਹਨੇਰੀ ਝੁੱਲੇ ਸੀਸ 'ਤੇ,
ਨਦੀ ਨਾ ਮਨੁੱਖਤਾ ਦਾ ਹੋਣ ਦੇਂਦਾ ਘਾਣ ਏ।

ਉਹਨਾਂ ਇਨਸਾਨਾਂ ਤਾਈਂ ਪੂਜੇ ਸੰਸਾਰ ਸਾਰਾ,
ਸਣੇ 'ਅਮਰੀਕ' ਲੱਗਾ ਸਿਰ ਨੂੰ ਝੁਕਾਣ ਏ।
***



Sri Satguru Jagjit Singh Ji eLibrary NamdhariElibrary@gmail.com

# ਸੂਰਜ ਨਾਲ ਦੋ ਗੱਲਾਂ

ਸੂਰਜਾ ਸਿਆਲ ਵਿੱਚ ਲੁੱਕਿਆ ਨਾ ਕਰ।
ਠੰਢ ਵਿਚ ਬੁੱਢੇ ਠੇਰੇ ਜਾਣ ਹੀ ਨਾ ਠਰ।

ਤੂੰ ਲੁੱਕ ਜਾਵੇਂ ਠੰਢ ਭੂਏ ਚੜ੍ਹ ਜਾਂਦੀ ਏ,
ਲੋਕਾਂ ਤਾਂਈ ਸੁਤਿਆਂ ਨੂੰ ਟੁੰਬ ਕੇ ਖਗਾਂਦੀ ਏ,
ਬੜੀ ਅਣਝੱਕ ਅਤੇ ਬਹੁਤੀ ਹੈ ਨਿਡਰ।

ਠੰਢ ਵਿੱਚ ਤੂੰ ਵੀ ਕਾਲਾ ਭੂਰਾ ਉੱਤੇ ਲੈ ਲਵੇ,
ਡਰਦਾ ਤੂੰ ਠੰਢ ਕੋਲੋ ਉਹਲੇ ਕਿਤੇ ਬਹਿ ਜਾਵੇ,
ਅਸੀਂ ਕਿਸ ਉੱਤੇ ਹੋਈਏ ਦੱਸ ਨਿਰਭਰ।

ਹਾੜ੍ਹ ਵਿੱਚ ਤੇਰੇ 'ਤੇ ਜਵਾਨੀ ਜਦੋਂ ਔਂਦੀ ਏ,
ਧੁੱਪ ਇੰਨੀ ਲਾਵੇਂ ਬਹੁਤਾ ਲੋਕਾਂ ਨੂੰ ਡਰਾਉਂਦੀ ਏ,
ਤਪੇ ਜਿਉਂ ਜ਼ਮੀਨ ਹੋਵੇ ਜੀਣਾਂ ਦੁੱਭਰ।

ਹਾੜ੍ਹ ਤੇ ਸਿਆਲ ਕਰੇਂ ਜੇਕਰ ਸਮਾਨ ਤੂੰ,
ਲੋਕ ਹੋਣ ਸੁਖੀ ਪਾਵੇਂ ਦੁਨੀਆ ਤੋਂ ਮਾਨ ਤੂੰ,
ਰਹੇ ਨਾ ਸਮਾਨ ਤੇਰੀ ਆਦਤ ਏ ਪਰ।

ਹੋਛੇ ਬੰਦੇ ਵਾਂਗ ਝੱਟ ਗੁੱਸੇ ਹੋ ਜਾਂਦਾ ਏ,
ਸਰਦੀਆਂ 'ਚ ਬੱਦਲਾਂ 'ਚ ਮੁੱਖੜਾ ਛਿਪਾਂਦਾਂ ਏ,
ਧੁੱਪ ਤੇਰੀ ਹਾੜ੍ਹ ਵਿੱਚ ਕਿਹੜਾ ਲਵੇ ਜਰ।

ਜਿਵੇਂ ਕਿਵੇ ਤੇਰੀ ਧੁੱਪ ਲੋਕ ਨੇ ਸਹਾਰਦੇ,
ਤੇਰੇ ਬਿਨਾਂ ਠੰਢੀ ਰੁੱਤੋਂ ਬੁਰੀ ਤਰ੍ਹਾਂ ਹਾਰਦੇ,
ਮੰਨ 'ਅਮਰੀਕ' ਦੀ ਤੇ ਰੱਬ ਕੋਲੋਂ ਡਰ।
***



Sri Satguru Jagjit Singh Ji eLibrary NamdhariElibrary@gmail.com

## ਮਹਿੰਗਾ ਹੋਇਆ ਭ੍ਰਿਸ਼ਟਾਚਾਰ

ਮਹਿੰਗੀਆਂ ਹੋਈਆਂ ਸਭੇ ਵਸਤਾਂ ਨਾਲ ਹੀ ਮਹਿੰਗਾ ਭ੍ਰਿਸ਼ਟਾਚਾਰ।
ਸੌ ਦਿਤਿਆਂ ਸੀ ਸਰਦਾ ਜਿੱਥੇ ਦੇਣਾਂ ਪੈਂਦਾ ਕਈ ਹਜ਼ਾਰ।

ਨਕਦ ਨਾ ਲੈਂਦੇ ਮੰਗ ਕਰਨ ਜੋ ਪਹੁੰਚ ਤੋਂ ਹੁੰਦੀ ਬਹੁਤੀ ਬਾਹਰ,
ਲਿਆ ਕੇ ਦੇਣੀ ਪੈ ਮਜਬੂਰਨ ਘਰੇ ਪੁਚਾਈ ਏ ਹੁਕਮ ਅਨੁਸਾਰ।

ਟੀ.ਵੀ., ਫਰਿੱਜ, ਕੂਲਰ ਜਾਂ ਏ.ਸੀ. ਕੁਝ ਵੀ ਹੋਵੇ ਹੈ ਪਰਵਾਨ,
ਬਿਲ ਵੀ ਆਪਣੇ ਨਾਂ ਕਟਵਾਂਦੇ ਫਸ ਜਾਏ ਨਾ ਕਿਧਰੇ ਜਾਣ।

ਭ੍ਰਿਸ਼ਟਾਚਾਰੀਆਂ ਕੱਢ ਲਏ ਨੇ ਰਿਸ਼ਵਤ ਲੈਣ ਦੇ ਨਵੇਂ ਹੀ ਢੰਗ,
ਸੂਟ ਦਾ ਮਹਿਗਿਓਂ ਮਹਿੰਗਾ ਕੱਪੜਾ ਫਸਿਆਂ ਤੋਂ ਲੈਂਦੇ ਨੇ ਮੰਗ।

ਕਹਿੰਦੇ ਦਰਜੀ ਨੂੰ ਦੇ ਆਉਣਾ ਬਹੁਤਾ ਤੁਸੀਂ ਨਾ ਹੋਇਓ ਤੰਗ,
ਮਜਬੂਰਨ ਦੇ ਆਉਣ ਵਿਚਾਰੇ ਬਦਲ ਜਾਂਦੇ ਪਰ ਮੂੰਹ ਦੇ ਰੰਗ।

ਸਾਡੇ ਘਰ ਦਾ ਦੋ ਮਹੀਨੇ ਦਾ ਦੇਣਾ ਰਹਿੰਦਾ ਅਜੇ ਕਰਾਇਆ,
ਦੇ ਕੇ ਰਕਮ ਰਸੀਦ ਕਟਾਣੀ ਸਾਡੇ ਨਾਂ ਦੀ ਬਣੇ ਜੋ ਮਾਇਆ।

ਰਿਸ਼ਵਤ ਲੈਣ ਦੇ ਢੰਗ ਜੋ ਬਦਲੇ ਜੇਬ ਦਾ ਪੂਰਾ ਕਰਨ ਸਫਾਇਆ,
ਭ੍ਰਿਸ਼ਟਾਚਾਰੀਆਂ ਅੱਗੇ ਨਾਲੋਂ ਬਹੁਤਾ ਲੋਕਾਂ ਤਾਈਂ ਸਫਾਇਆ।

ਪੁੱਛਿਆ ਜਾਂ 'ਅਮਰੀਕ ਸਿੰਘ' ਨੂੰ ਕੈਸਾ ਹਾਲ ਹੈ ਤੇਰਾ ਯਾਰ,
ਕਹਿੰਦਾ ਜੀਣਾ ਔਖਾ ਹੋਇਆ ਜਦ ਦੀ ਆਈ ਇਹ ਸਰਕਾਰ।

ਫਸਿਆਂ ਦੀ ਛਿੱਲ ਅਸਲੋਂ ਲਾਹਵਣ ਵੇਖ ਲੋ ਜੇਕਰ ਨਹੀਂ ਇਤਬਾਰ,
ਹੱਟੀਆਂ ਵਾਲੇ ਜਾਂ ਅਧਿਕਾਰੀ ਕੋਈ ਨਾ ਸਾਨੂੰ ਬਖਸ਼ਨਹਾਰ।

***



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਹੱਥਲੀ ਪੁਸਤਕ ਵਿੱਚ ਮਾਸਟਰ ਅਮਰੀਕ ਸਿੰਘ ਜੀ ਨੇ ਮਨੁੱਖੀ ਜ਼ਿੰਦਗੀ ਦੀ ਫਿਲਾਸਫੀ ਬੜੇ ਹੀ ਸੁਚੱਜੇ ਢੰਗ ਨਾਲ ਬਿਆਨ ਕੀਤੀ ਹੈ। ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇ ਜਿਸ ਬਾਰੇ ਇਸ ਪੁਸਤਕ ਵਿੱਚ ਬਿਆਨ ਨਹੀਂ ਕੀਤਾ ਗਿਆ। ਫਿਰ ਉਹ ਚਾਹੇ ਮਨੁੱਖੀ ਜੀਵਨ ਜੀਉਣ ਦੀ ਜਾਚ ਹੋਵੇ, ਘਰੇਗੀ ਜੀਵਨ ਵਿੱਚ ਸੁੱਖ ਸ਼ਾਂਤੀ ਲਿਆਉਣ ਦੀ ਕੋਸ਼ਿਸ਼, ਵੱਡਿਆਂ ਪ੍ਰਤੀ ਛੋਟਿਆ ਦੀ ਜਿੰਮੇਵਾਰੀ, ਸਰੀਰਕ ਤੰਦਰੁਸਤੀ ਕਾਇਮ ਰੱਖਣ ਲਈ ਖੁਦ ਨੂੰ ਸਮਾਂ ਦੇਣਾ, ਬੱਚਿਆਂ ਪ੍ਰਤੀ ਮਾਂ-ਬਾਪ ਦੀ ਜਿੰਮੇਵਾਰੀ, ਦੁਨੀਆ ਵਿੱਚ ਫੈਲਿਆ ਭ੍ਰਿਸ਼ਟਾਚਾਰ, ਧੋਖਾਧੜੀ, ਬੇਈਮਾਨੀ, ਰਿਸ਼ਵਤਖੋਰੀ, ਕੁਝ ਰਾਜਨੇਤਾਵਾਂ ਦਾ ਦੇਸ਼ ਪ੍ਰਤੀ ਸੱਚੇ ਦਿਲੋਂ ਵਫ਼ਾਦਾਰ ਨਾ ਹੋਣਾ, ਕੋਈ ਵੀ ਵਿਸ਼ਾ ਹੋਵੇ ਇਹਨਾਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਬਿਆਨ ਕਰਕੇ ਆਪਣੀਆਂ ਉਤਕ੍ਰਿਸ਼ਟ ਰਚਨਾਵਾਂ ਪੇਸ਼ ਕੀਤੀਆਂ ਹਨ। ਕੁਝ ਦੋਹਿਆਂ ਵਿੱਚ ਤਾਂ ਜੀਵਨ ਦੀਆਂ ਅਟੱਲ ਸਚਾਈਆਂ ਪੇਸ਼ ਕੀਤੀ ਹਨ ਜਿਵੇ :-

1. ਸਮਾਂ ਬੜਾ ਬਲਵਾਨ ਕਿਸੇ ਤੋਂ ਟਲਦਾ ਨਹੀਂ।
   ਤਗੜੇ ਤੋਂ ਤਗੜਾ ਵੀ ਇਸ ਨੂੰ ਝਲਦਾ ਨਹੀਂ।
2. ਮੌਤ ਐਸਾ ਖੂਹ ਹੈ ਜਿਸ ਵਿੱਚ ਡੁੱਬਣਾ ਹੈ ਸਾਰਿਆਂ।
   ਐਸੀ ਦਲਦਲ ਹੈ ਕਿ ਜਿਸ ਵਿੱਚ ਖੁੱਭਣਾ ਹੈ ਸਾਰਿਆਂ।

ਬਾਕੀ ਸੂਝਵਾਨ ਪਾਠਕ ਆਪ ਪੜ੍ਹ ਕੇ ਇਹਨਾਂ ਦੀਆਂ ਲਿਖੀਆਂ ਰਚਨਾਵਾਂ ਦਾ ਆਨੰਦ ਮਾਣਨਗੇ। ਅਜਿਹਾ ਮੇਰਾ ਵਿਸ਼ਵਾਸ ਹੈ। ਮੈਂ ਮਾਸਟਰ ਜੀ ਦੀ ਨਿਰੋਗੀ ਲੰਮੀ ਉਮਰ ਦੀ ਕਾਮਨਾ ਕਰਦੀ ਹਾਂ।


**ਡਾ. ਆਸ਼ਾ ਕੰਬੋਜ**
ਸਾਬਕਾ ਪ੍ਰਿੰਸੀਪਲ
ਕਸਵਾਂ ਕੰਨਿਆ ਪੀ.ਜੀ. ਕਾਲਜ, ਟਿੱਬੀ।
ਨਿਗਰਾਨ
**ਟਾਂਟੀਆ ਯੂਨੀਵਰਸਿਟੀ, ਸ਼੍ਰੀ ਗੰਗਾਨਗਰ**



ISBN 978-93-85862-74-8
9 789385 862748

**ਤਸਵੀਰ ਪ੍ਰਕਾਸ਼ਨ**
**ਮੰਡੀ ਕਾਲਾਂਵਾਲੀ**
**ਸਿਰਸਾ (ਹਰਿਆਣਾ)**
TASVIR PRAKASHAN

**Shabad Ratan**
**Rs. 150/-**



Sri Satguru Jagjit Singh Ji eLibrary NamdhariElibrary@gmail.com